ਪੰਜਾਬ / ਹਰਿਆਣਾ / ਹਿਮਾਚਲ ਪ੍ਰਦੇਸ਼ / ਜੰਮੂ ਕਸ਼ਮੀਰ
ਰਾਜਸਥਾਨ/ ਚੰਡੀਗੜ੍ਹ / ਦਿੱਲੀ / ਐਨਸੀਆਰ

ਸਾਂਝੀ ਖ਼ਬਰ

RNI No. - PUNPUN / 2014 / 59059

ਮੁੱਖ ਸੰਪਾਦਕ :- ਪੀ ਐਸ ਮਿੱਠਾ

ਰੋਜ਼ਾਨਾ

ਸਾਂਝੀ ਖ਼ਬਰ

ਸਾਂਝ ਪੰਜਾਬੀਆਂ ਦੀ

ਮੰਗਲਵਾਰ, 17 ਨਵੰਬਰ / 2026 / ਅੰਕ 307 / ਪੰਨੇ 08 / ਮੁੱਲ 7 ਰੁ:

www.sanjhikhabar.com | E-mail : khabarsanjhi@gmail.com | sanjhikhabar | sanjhikahbar



ਪੱਟੀ 'ਚ ਕੁੜੀਆਂ ਲਈ ਬਣੇਗਾ ਮੈਡੀਕਲ ਕਾਲਜ , CM ਮਾਨ ਦਾ ਵੱਡਾ ਐਲਾਨ

ਸਾਂਝੀ ਖ਼ਬਰ

(ਸੰਦੀਪ ਸਿੰਘ)

ਤਰਨਤਾਰਨ, 16 ਨਵੰਬਰ

ਪੱਟੀ ਦੇ ਪਿੰਡ ਸਭਰਾ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 'ਲੋਕ ਮਿਲਣੀ' ਪ੍ਰੋਗਰਾਮ ਤਹਿਤ ਲੋਕਾਂ ਨਾਲ ਸਿੱਧੀ ਗੱਲਬਾਤ ਕੀਤੀ। ਪਾਰਟੀ ਉਮੀਦਵਾਰ ਜਸਕੰਵਰ ਸਿੰਘ ਜੱਸਾ ਪੱਟੀ ਨੂੰ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਇਲਾਕੇ ਦੇ ਲੋਕਾਂ ਦੀ ਮੰਗ 'ਤੇ ਹੀ ਉਨ੍ਹਾਂ ਨੂੰ ਉਮੀਦਵਾਰ ਬਣਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਸਿਆਸੀ ਪਾਰਟੀਆਂ ਆਪਣੀ ਪਸੰਦ ਦਾ ਉਮੀਦਵਾਰ ਦਿੰਦੀਆਂ ਸਨ ਪਰ 'ਆਪ' ਨੇ ਲੋਕਾਂ ਦੀ ਪਸੰਦ ਨੂੰ ਪਹਿਲ ਦਿੱਤੀ ਹੈ। ਮੁੱਖ ਮੰਤਰੀ ਨੇ ਸ਼ਾਮ ਸਿੰਘ ਅਟਾਰੀ ਦੇ ਨਾਮ 'ਤੇ ਕੁੜੀਆਂ ਲਈ ਮੈਡੀਕਲ ਕਾਲਜ ਖੋਲ੍ਹਣ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਦਾਅਵਾ ਕੀਤਾ ਕਿ ਯੂ.ਪੀ.ਐੱਸ.ਸੀ. (UPSC) ਦਾ ਸੈਂਟਰ ਬਣਾ ਕੇ ਨੌਜਵਾਨਾਂ ਨੂੰ ਪੀ.ਸੀ.ਐੱਸ. (PCS) ਅਤੇ ਆਈ.ਪੀ.ਐੱਸ. (IPS) ਬਣਾਇਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਕਿਸੇ ਵੀ ਆਗੂ ਨੇ ਜਨਤਾ ਲਈ ਕੁਝ ਨਹੀਂ ਮੰਗਿਆ ਪਰ ਜੱਸਾ ਪੱਟੀ ਹਲਕੇ ਨੂੰ ਪੂਰੀ ਤਰ੍ਹਾਂ ਸਮਰਪਿਤ ਹਨ। ਬਾਦਲ ਪਰਿਵਾਰ ਦਾ ਨਾਮ ਲਏ ਬਿਨਾਂ ਉਨ੍ਹਾਂ ਕਿਹਾ ਕਿ ਇਹ ਤਿੰਨ ਪੀੜ੍ਹੀਆਂ ਖਾਣ ਵਾਲੀ ਪਾਰਟੀ ਹੈ। ਬਚਪਨ, ਜਵਾਨੀ ਅਤੇ ਬੁਢਾਪੇ ਨੂੰ ਨਿਗਲਣ ਵਾਲੀ ਪਾਰਟੀ ਤੋਂ ਅੱਜ ਬਚਣ ਦੀ ਲੋੜ ਹੈ।

ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਨੂੰ 80 ਸਾਲ ਹੋਣ ਵਾਲੇ ਹਨ ਪਰ ਅਸੀਂ ਕੁਝ ਹਾਸਲ



ਨਹੀਂ ਕੀਤਾ। ਆਏ ਦਿਨ ਪਾਕਿਸਤਾਨ ਨਾਲ ਲੜਾਈ ਦੇ ਹਾਲਾਤ ਬਣਦੇ ਹਨ ਤਾਂ ਕਦੇ ਹੜ੍ਹਾਂ ਦੀ ਸਥਿਤੀ ਆਉਂਦੀ ਹੈ। ਮਾਝੇ ਦੇ ਲੋਕਾਂ ਨੇ ਅਕਸਰ ਸੰਤਾਪ ਭੋਗਿਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ, ਸੁੱਚਾ ਸਿੰਘ ਲੰਗਾਹ, ਵਿਰਸਾ ਸਿੰਘ ਵਲਟੋਹਾ ਅਤੇ ਹੋਰ ਆਗੂਆਂ ਨੂੰ ਵੀ ਦੇਖੋ, ਸਾਰੇ ਜਨਤਕ ਅਤੇ ਧਾਰਮਿਕ ਨੁਕਸਾਨ ਕਰਨ ਵਾਲੇ ਹਨ। ਮਾਝੇ ਦੇ ਲੋਕ ਇਸ ਵਾਰ ਮਾਲਵੇ ਦਾ ਵੀ ਰਿਕਾਰਡ ਤੋੜਨਗੇ। ਖੇਮਕਰਨ ਤੋਂ ਲੈ ਕੇ ਪਠਾਨਕੋਟ ਤੱਕ ਸਾਰੀਆਂ ਵਿਧਾਨ ਸਭਾ ਸੀਟਾਂ 'ਤੇ ਆਮ ਆਦਮੀ ਪਾਰਟੀ (ਆਪ) ਦੀ ਸ਼ਾਨਦਾਰ ਜਿੱਤ ਹੋਵੇਗੀ, ਕਿਉਂਕਿ ਪੌਣੇ ਪੰਜ ਸਾਲਾਂ ਵਿੱਚ ਅਸੀਂ ਸਾਰੀਆਂ ਚੋਣ ਗਾਰੰਟੀਆਂ ਪੂਰੀਆਂ ਕੀਤੀਆਂ ਹਨ। ਬਿਜਲੀ ਬਿੱਲਾਂ ਦੀ ਮੁਆਫ਼ੀ, ਖੇਤੀਬਾੜੀ ਲਈ ਬਿਜਲੀ ਅਤੇ ਨਹਿਰੀ ਪਾਣੀ, ਔਰਤਾਂ ਨੂੰ ਮਾਣ ਭੱਤਾ, ਨੌਜਵਾਨਾਂ ਨੂੰ ਨੌਕਰੀਆਂ, ਬਿਹਤਰ ਸਿਹਤ ਅਤੇ ਸਿੱਖਿਆ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਭ੍ਰਿਸ਼ਟਾਚਾਰ ਖ਼ਿਲਾਫ਼ ਮੁਹਿੰਮ ਚੱਲ ਰਹੀ ਹੈ, ਨਸ਼ਿਆਂ ਤੋਂ ਨੌਜਵਾਨਾਂ ਨੂੰ ਬਚਾਇਆ ਜਾ ਰਿਹਾ ਹੈ ਅਤੇ ਵੱਡੇ ਮਗਰਮੱਛਾਂ ਨੂੰ ਜੇਲ੍ਹ ਭੇਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਿੱਤਾਂ ਲਈ ਮੈਂ ਰਾਤ ਨੂੰ ਵੀ ਅਧਿਕਾਰੀਆਂ ਨਾਲ ਸੰਪਰਕ ਕਰਦਾ ਹਾਂ। ਜੇਕਰ ਕਿਸਾਨ ਰਾਤ ਨੂੰ ਖੇਤਾਂ ਵਿੱਚ ਕੰਮ ਕਰ ਸਕਦੇ ਹਨ ਤਾਂ ਸੀ.ਐੱਮ. ਦਫ਼ਤਰ ਵੀ ਰਾਤ ਨੂੰ ਲਗਾਉਣ ਵਿੱਚ ਕੋਈ ਹਰਜ਼ ਨਹੀਂ। ਜੇਕਰ ਮੈਂ ਪੈਸਾ ਕਮਾਉਣਾ ਹੁੰਦਾ ਤਾਂ ਕਲਾਕਾਰ ਰਹਿੰਦਾ। ਕਲਾਕਾਰਾਂ ਦਾ ਮੰਚ ਛੱਡ ਕੇ ਮੈਂ ਸਿਆਸੀ ਮੰਚ 'ਤੇ ਹਾਂ।

ਉਨ੍ਹਾਂ ਕਿਹਾ ਕਿ ਪਹਿਲਾਂ ਬਾਦਲ ਅਤੇ ਕੈਪਟਨ ਪਰਿਵਾਰ ਮਿਲ ਕੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਕੇ ਸਰਕਾਰ ਬਣਾਉਂਦੇ ਸਨ। ਹੁਣ ਤੀਜੀ ਧਿਰ ਵਜੋਂ ਆਮ ਆਦਮੀ ਪਾਰਟੀ ਸਾਰਿਆਂ ਦੇ ਸਾਹਮਣੇ ਹੈ। ਸਾਡੀ ਸਰਕਾਰ ਨੇ ਬਿਕਰਮ ਸਿੰਘ ਮਜੀਠੀਆ ਨੂੰ ਨਾਭਾ ਜੇਲ੍ਹ ਵਿੱਚ ਤਰੀ ਵਾਲੇ ਬੈਂਗਣ ਖੁਆਏ। ਹੁਣ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਵਾਰੀ ਹੈ। ਪਹਿਲਾਂ ਲਾਲ ਬੱਤੀ ਵਾਲੀ ਗੱਡੀ ਵਿੱਚ ਚਿੱਟਾ ਵਿਕਦਾ ਸੀ। ਅਜਿਹੇ ਵਿੱਚ ਲਾਲ ਬੱਤੀ ਨੂੰ ਬਦਨਾਮ ਕੀਤਾ ਗਿਆ। ਮੈਨੂੰ ਅਧਿਕਾਰੀ ਦੱਸਦੇ ਹਨ ਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਲਾਲ ਬੱਤੀ ਵਾਲੀ ਗੱਡੀ ਨੂੰ ਨਾਕੇ 'ਤੇ ਨਹੀਂ ਰੋਕਿਆ ਜਾਂਦਾ ਸੀ।

ਮਾਨ ਨੇ ਦੋਸ਼ ਲਾਇਆ ਕਿ ਇਹੀ ਕਾਰਨ ਹੈ ਕਿ ਪੰਜਾਬ ਵਿੱਚ ਭੈਣਾਂ ਦੇ ਸੁਹਾਗ ਉੱਜੜੇ ਅਤੇ ਬੱਚਿਆਂ ਦੇ ਸਿਰੋਂ ਪਿਤਾ ਦਾ ਸਾਇਆ ਉੱਠਿਆ। ਧਰਮ ਦੇ ਨਾਮ 'ਤੇ ਅਕਾਲੀ ਦਲ ਨੇ ਬਰਬਾਦੀ ਤੋਂ ਸਿਵਾਏ ਕੁਝ ਨਹੀਂ ਕੀਤਾ। ਧਾਰਮਿਕ ਅਸਥਾਨਾਂ ਦੀਆਂ ਸਰਾਵਾਂ ਵਿੱਚ ਜੋ ਕੁਝ ਹੋ ਰਿਹਾ ਹੈ, ਉਹ ਸਾਰਿਆਂ ਦੇ ਸਾਹਮਣੇ ਹੈ। ਭਾਜਪਾ ਨੇ ਕਿਸਾਨੀ ਨੂੰ ਬਰਬਾਦ ਕੀਤਾ। ਕਾਂਗਰਸ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਦੇ ਨਾਲ-ਨਾਲ ਸਿੱਖ ਕਤਲੇਆਮ ਕੀਤਾ। ਜਦੋਂ ਕਿ ਅਕਾਲੀ ਦਲ ਨੇ ਪੰਜਾਬ ਵਿੱਚ ਚਿੱਟਾ ਫੈਲਾ ਕੇ ਜਵਾਨੀ ਬਰਬਾਦ ਕੀਤੀ।

ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਨਮੁਖ ਪੇਸ਼ ਹੋ ਕੇ ਗਲਤੀਆਂ ਮੰਨਣ ਤੋਂ ਬਾਅਦ ਹੁਣ ਸੁਖਬੀਰ ਸਿੰਘ ਬਾਦਲ ਵੋਟਾਂ ਬਟੋਰਨ ਲਈ ਕੋਈ ਕਸਰ ਨਹੀਂ ਛੱਡ ਰਹੇ। ਦਿੱਲੀ ਅੰਦੋਲਨ ਦੌਰਾਨ ਜਾਨ ਗਵਾਉਣ ਵਾਲੇ ਕਿਸਾਨਾਂ ਦੇ ਪਰਿਵਾਰਾਂ ਦੀ ਸਾਡੀ ਸਰਕਾਰ ਨੇ ਸਾਰ ਲਈ। ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ, ਰਵਨੀਤ ਸਿੰਘ ਬਿੱਟੂ, ਮਨਪ੍ਰੀਤ ਸਿੰਘ ਬਾਦਲ ਸਮੇਤ ਹੋਰ ਆਗੂ ਪਹਿਲਾਂ ਕਾਂਗਰਸ ਵਿੱਚ ਸਨ। ਹੁਣ ਭਾਜਪਾ ਦੇ ਤਲਵੇ ਚੱਟ ਰਹੇ ਹਨ। ਭਾਜਪਾ ਨਾਲ ਗੱਠਜੋੜ ਲਈ ਸੁਖਬੀਰ ਸਿੰਘ ਬਾਦਲ ਮਿੰਨਤਾਂ ਕਰ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ, ਸ੍ਰੀ ਪਟਨਾ ਸਾਹਿਬ, ਨਵੀਂ ਦਿੱਲੀ, ਹਰਿਆਣਾ ਵਿੱਚ ਭਾਜਪਾ ਨੂੰ ਖੁਸ਼ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੋਹ ਕੇ ਵੱਖਰੀਆਂ ਕਮੇਟੀਆਂ ਬਣਵਾਈਆਂ। ਬਦਲੇ ਵਿੱਚ ਆਪਣੀ ਪਤਨੀ ਹਰਸਿਮਰਤ ਕੌਰ ਬਾਦਲ ਨੂੰ ਕੇਂਦਰ ਵਿੱਚ ਮੰਤਰੀ ਬਣਵਾਇਆ। ਸ਼੍ਰੋਮਣੀ ਅਕਾਲੀ ਦਲ 'ਤੇ ਜਦੋਂ ਵੀ ਸੰਕਟ ਆਉਂਦਾ ਹੈ ਤਾਂ ਉਸ ਨੂੰ ਧਾਰਮਿਕ ਸੰਕਟ ਕਰਾਰ ਦਿੱਤਾ ਜਾਂਦਾ ਹੈ। ਕਿਰਲੀ ਦੀ ਮਿਸਾਲ ਦਿੰਦਿਆਂ ਭਗਵੰਤ ਮਾਨ ਨੇ ਕਿਹਾ ਕਿ ਸਾਰੇ ਕੀੜੇ-ਮਕੌੜੇ ਖਾ ਕੇ ਉਹ ਕੰਧ 'ਤੇ ਲੱਗੀ ਧਾਰਮਿਕ ਫੋਟੋ ਪਿੱਛੇ ਲੁਕ ਜਾਂਦੀ ਹੈ। ਅਜਿਹੀ ਹੀ ਹਾਲਤ ਬਾਦਲ ਪਰਿਵਾਰ ਦੀ ਹੈ। 15 ਸਾਲਾਂ ਤੋਂ ਐੱਸ.ਜੀ.ਪੀ.ਸੀ. (SGPC) ਦੀਆਂ ਚੋਣਾਂ ਨਹੀਂ ਕਰਵਾਈਆਂ ਗਈਆਂ, ਕਿਉਂਕਿ ਬਾਦਲ ਪਰਿਵਾਰ ਜਾਣਦਾ ਹੈ ਕਿ ਗੁਰੂਧਾਮਾਂ ਦੀ ਗੋਲਕ ਤੋਂ ਉਨ੍ਹਾਂ ਦਾ ਹੱਥ ਦੂਰ ਹੋ ਜਾਵੇਗਾ।

ਮੁੱਖ ਮੰਤਰੀ ਭਗਵੰਤ ਮਾਨ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਵਾਰ ਜ਼ੀਰੋ ਸੀਟ ਆਵੇਗੀ ਅਤੇ ਪੰਜਾਬ ਵਿੱਚ 'ਆਪ' ਦੀ ਧਾਕੜ ਸਰਕਾਰ ਬਣੇਗੀ। ਨੀਲੀ ਛੱਤਰੀ ਵਾਲੇ ਦੀ ਚੱਕੀ ਦੀ ਰਫ਼ਤਾਰ ਭਾਵੇਂ ਹੌਲੀ ਹੁੰਦੀ ਹੈ ਪਰ ਉਹ ਪੀਸਦੀ ਬਹੁਤ ਬਰੀਕ ਹੈ। 'ਨੰਨ੍ਹੀ ਛਾਂ' ਕਹਿੰਦਿਆਂ ਹਰਸਿਮਰਤ ਕੌਰ ਬਾਦਲ 'ਤੇ ਤਨਜ਼ ਕੱਸਦਿਆਂ ਮਾਨ ਨੇ ਕਿਹਾ ਕਿ ਲੋਕ ਸਭਾ ਵਿੱਚ ਸਿਰਫ਼ ਆਪਣੇ ਪਤੀ ਦੀ ਪ੍ਰਸ਼ੰਸਾ ਤੋਂ ਸਿਵਾਏ ਕੁਝ ਨਹੀਂ ਬੋਲ ਪਾਉਂਦੇ।

ਉਨ੍ਹਾਂ ਦੋਸ਼ ਲਾਇਆ ਕਿ ਰੇਤ ਅਤੇ ਟ੍ਰਾਂਸਪੋਰਟ ਮਾਫੀਆ ਤੋਂ ਲੈ ਕੇ ਅਕਾਲੀਆਂ ਨੇ ਸਮੋਸਿਆਂ ਦੀਆਂ ਰੇਹੜੀਆਂ 'ਤੇ ਵੀ ਆਪਣੇ ਹਿੱਸੇ ਪਾ ਰੱਖੇ ਸਨ। ਕਾਂਗਰਸੀ ਆਉਣ ਵਾਲੀਆਂ ਚੋਣਾਂ ਵਿੱਚ ਪੈਸਾ ਵੰਡਣ ਦੀ ਯੋਜਨਾ ਬਣਾ ਰਹੇ ਹਨ। ਮਾਝੇ ਵਾਲਿਓ, ਜੇਕਰ ਕਾਂਗਰਸੀਆਂ ਨੇ ਪੈਸੇ ਦਿੱਤੇ ਤਾਂ ਲੈ ਲੈਣਾ। ਇਨ੍ਹਾਂ ਨੇ ਕਿਹੜਾ ਨਰਮਾ ਵੇਚਿਆ ਹੈ। ਇਹ ਸਾਰਾ ਪੈਸਾ ਤੁਹਾਡਾ ਹੀ ਹੈ। ਵੋਟ ਪਾਉਣ ਸਮੇਂ ਯਾਦ ਰੱਖਣਾ ਕਿ ਪੰਜਾਬ ਦੇ ਹਿੱਤ ਆਮ ਆਦਮੀ ਪਾਰਟੀ ਦੇ ਹੱਥਾਂ ਵਿੱਚ ਹੀ ਸੁਰੱਖਿਅਤ ਹਨ।



ਪੰਜਾਬ 'ਚ ਹਜ਼ਾਰਾਂ ਅਸਲਾ ਲਾਇਸੈਂਸਾਂ ਨੂੰ ਲੈ ਕੇ ਵੱਡੀ ਖ਼ਬਰ
ਗ੍ਰਹਿ ਵਿਭਾਗ ਨੇ ਜਾਰੀ ਕਰ 'ਤੇ ਨਵੇਂ ਹੁਕਮ

ਸਾਂਝੀ ਖ਼ਬਰ

(ਗਗਨਦੀਪ ਕੌਰ)

ਚੰਡੀਗੜ੍ਹ, 16 ਨਵੰਬਰ

ਪੰਜਾਬ ਦੇ ਹਜ਼ਾਰਾਂ ਨਵੇਂ ਬਣੇ ਅਸਲਾ ਲਾਇਸੈਂਸਾਂ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆਈ ਹੈ। ਸੂਬੇ 'ਚ ਵੱਡੀ ਗਿਣਤੀ 'ਚ ਬਣੇ ਲਾਇਸੈਂਸ ਅਯੋਗ ਪਾਏ ਗਏ ਹਨ। ਇਕ ਪੰਜਾਬੀ ਅਖ਼ਬਾਰ ਦੀ ਖ਼ਬਰ ਮੁਤਾਬਕ ਪੰਜਾਬ ਦੇ ਬਹੁਤੇ ਜ਼ਿਲ੍ਹਿਆਂ 'ਚ ਵਧੀਕ ਡਿਪਟੀ ਕਮਿਸ਼ਨਰ ਹੀ ਅਸਲਾ ਲਾਇਸੈਂਸ ਜਾਰੀ ਕਰ ਰਹੇ ਹਨ, ਜਿਨ੍ਹਾਂ 'ਚ ਮਾਨਸਾ, ਬਰਨਾਲਾ, ਸੰਗਰੂਰ, ਫ਼ਰੀਦਕੋਟ ਅਤੇ ਮੁਕਤਸਰ ਜ਼ਿਲ੍ਹੇ ਸਣੇ ਦਰਜਨਾਂ ਜ਼ਿਲ੍ਹੇ ਸ਼ਾਮਲ ਹਨ। ਦਰਅਸਲ ਅਸਲਾ ਐਕਟ ਤਹਿਤ ਨਵਾਂ ਅਸਲਾ ਲਾਇਸੈਂਸ ਜਾਰੀ ਕਰਨ ਦੀ ਕਾਨੂੰਨੀ ਅਥਾਰਟੀ ਸਿਰਫ ਜ਼ਿਲ੍ਹਾ ਮੈਜਿਸਟ੍ਰੇਟ ਕੋਲ ਹੈ ਅਤੇ ਉਹ ਅੱਗੇ ਇਹ ਅਧਿਕਾਰ ਹੇਠਲੇ ਅਧਿਕਾਰੀਆਂ (ਵਧੀਕ ਡਿਪਟੀ ਕਮਿਸ਼ਨਰ) ਨੂੰ ਨਹੀਂ ਸੌਂਪ ਸਕਦਾ। ਦੱਸਿਆ ਜਾ ਰਿਹਾ ਹੈ ਕਿ ਪੰਜਾਬ ਦੇ ਗ੍ਰਹਿ ਵਿਭਾਗ ਵਲੋਂ ਬੀਤੇ ਦਿਨੀਂ ਸਮੂਹ ਜ਼ਿਲ੍ਹਾ ਮੈਜਿਸਟ੍ਰੇਟਾਂ ਅਤੇ ਪੁਲਸ ਕਮਿਸ਼ਨਰਾਂ ਨੂੰ ਪੱਤਰ ਜਾਰੀ ਕੀਤਾ ਗਿਆ ਹੈ। ਇਸ 'ਚ ਹਦਾਇਤ ਕੀਤੀ ਗਈ ਹੈ ਕਿ ਅਸਲਾ ਲਾਇਸੈਂਸ ਸਬੰਧੀ ਅਧਿਕਾਰ ਆਪਣੇ ਅਧੀਨ ਕੰਮ ਕਰਦੀ ਕਿਸੇ ਵੀ ਅਥਾਰਟੀ ਜਾਂ ਅਧਿਕਾਰੀ ਨੂੰ ਨਾ ਸੌਂਪੇ ਜਾਣ।

ਵਿਭਾਗ ਨੇ ਲਿਖਿਆ ਹੈ ਕਿ ਅਸਲਾ ਲਾਇਸੈਂਸ ਜਾਰੀ ਕਰਨ, ਨਵਿਆਉਣ ਅਤੇ ਰੱਦ ਕਰਨ ਸਬੰਧੀ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਕਮਿਸ਼ਨਰ ਆਫ ਪੁਲਸ ਨੂੰ ਅਧਿਕਾਰ ਪ੍ਰਾਪਤ ਹੈ ਅਤੇ ਆਪਣੇ ਅਧੀਨ ਕੰਮ ਕਰਦੀ ਅਥਾਰਟੀ ਨੂੰ ਸੌਂਪਣ ਸਬੰਧੀ ਕੋਈ ਉਪਬੰਧ ਨਹੀਂ ਹੈ। ਅਸਲ 'ਚ ਸੀ. ਬੀ. ਆਈ. ਨੇ ਮੋਹਾਲੀ ਜ਼ਿਲ੍ਹੇ 'ਚ ਬਣੇ ਅਸਲਾ



ਲਾਇਸੈਂਸਾਂ ਨੂੰ ਲੈ ਕੇ ਜਾਂਚ ਵਿੱਢੀ ਹੋਈ ਹੈ, ਜਿਸ ਤੋਂ ਬਾਅਦ ਗ੍ਰਹਿ ਵਿਭਾਗ ਵਲੋਂ ਉਕਤ ਹੁਕਮ ਜਾਰੀ ਕੀਤੇ ਗਏ ਹਨ। ਇਨ੍ਹਾਂ ਹੁਕਮਾਂ ਦੀ ਗੱਲ ਕਰੀਏ ਤਾਂ 2016 ਤੋਂ ਬਾਅਦ ਬਣੇ ਅਸਲਾ ਲਾਇਸੈਂਸ, ਨਵੀਨੀਕਰਨ ਜਾਂ ਰੱਦ ਹੋਏ ਲਾਇਸੈਂਸ ਅਯੋਗ ਹੋਣੇ ਸੁਭਾਵਿਕ ਹੀ ਹਨ ਕਿਉਂਕਿ ਇਹ ਜ਼ਿਲ੍ਹਾ ਮੈਜਿਸਟ੍ਰੇਟਾਂ ਦੀ ਥਾਂ ਵਧੀਕ ਡਿਪਟੀ ਕਮਿਸ਼ਨਰਾਂ ਵਲੋਂ ਬਣਾਏ ਗਏ ਹਨ।

ਦੱਸਣਯੋਗ ਹੈ ਕਿ ਪੰਜਾਬ 'ਚ ਸਲਾਨਾ 5 ਤੋਂ 6 ਹਜ਼ਾਰ ਅਸਲਾ ਲਾਇਸੈਂਸ ਬਣਦੇ ਹਨ। ਪੰਜਾਬ 'ਚ ਇਸ ਵੇਲੇ 3.46 ਲੱਖ ਅਸਲਾ ਲਾਇਸੈਂਸ ਹਨ, ਜਿਨ੍ਹਾਂ 'ਤੇ ਕਰੀਬ 4.40 ਲੱਖ ਹਥਿਆਰ ਦਰਜ ਹਨ। ਪੰਜਾਬ ਪੁਲਸ ਦੀ ਇਕ ਰਿਪੋਰਟ 'ਚ ਸਾਲ 2019 ਤੋਂ ਅਪ੍ਰੈਲ 2024 ਦਰਮਿਆਨ ਸੂਬੇ 'ਚ 32,303 ਨਵੇਂ ਅਸਲਾ ਲਾਇਸੈਂਸ ਬਣੇ ਹਨ। ਇੱਥੇ ਇਹ ਵੀ ਦੱਸ ਦੇਈਏ ਕਿ ਮਾਨਸਾ 'ਚ ਨਸ਼ਾ ਵਿਰੋਧੀ ਕਾਰਕੁੰਨ ਪਰਵਿੰਦਰ ਝੋਟਾ ਦੇ ਕਤਲ ਲਈ ਮੁਲਜ਼ਮ ਅਸ਼ਵਨੀ ਕੁਮਾਰ ਵਲੋਂ ਵਰਤੇ ਹਥਿਆਰ ਦਾ ਲਾਇਸੈਂਸ ਵੀ ਮਾਨਸਾ ਦੇ ਵਧੀਕ ਡਿਪਟੀ ਕਮਿਸ਼ਨਰ ਨੇ ਬਣਾਇਆ ਸੀ। ਇਸ ਲਈ ਕਾਨੂੰਨੀ ਮਾਹਿਰਾਂ ਮੁਤਾਬਕ ਜਿਸ ਅਥਾਰਟੀ ਕੋਲ ਕਾਨੂੰਨਨ ਅਸਲਾ ਲਾਇਸੈਂਸ ਬਣਾਣ ਦਾ ਅਧਿਕਾਰ ਨਹੀਂ ਹੈ, ਉਸ ਵਲੋਂ ਜਾਰੀ ਲਾਇਸੈਂਸ ਸੁਭਾਵਿਕ ਤੌਰ 'ਤੇ ਸ਼ੱਕ ਦੇ ਦਾਇਰੇ 'ਚ ਆ ਜਾਂਦੇ ਹਨ।

ਪਠਾਨਕੋਟ 'ਚ ਬੰਦੂਕ ਦੀ ਨੋਕ 'ਤੇ XUV ਲੁੱਟੀ
ਪੰਜਾਬ-ਜੰਮੂ 'ਚ ਹਾਈ ਅਲਰਟ

ਸਾਂਝੀ ਖ਼ਬਰ

(ਸੰਦੀਪ ਸਿੰਘ)

ਪਠਾਨਕੋਟ, 16 ਨਵੰਬਰ

ਪਠਾਨਕੋਟ-ਜੰਮੂ ਰਾਸ਼ਟਰੀ ਰਾਜਮਾਰਗ 'ਤੇ ਪਠਾਨਕੋਟ ਸ਼ਹਿਰ ਦੇ ਡਾਊਨਟਾਊਨ ਇਲਾਕੇ ਨੇੜੇ ਬੰਦੂਕ ਦੀ ਨੋਕ 'ਤੇ ਇੱਕ ਚਿੱਟੀ ਮਹਿੰਦਰਾ XUV-500 ਕਾਰ ਲੁੱਟੇ ਜਾਣ ਦੀ ਘਟਨਾ ਤੋਂ ਬਾਅਦ ਸੁਰੱਖਿਆ ਏਜੰਸੀਆਂ ਵਿੱਚ ਹੜਕੰਪ ਮਚ ਗਿਆ ਹੈ। ਘਟਨਾ ਦੀ ਗੰਭੀਰਤਾ ਨੂੰ ਦੇਖਦਿਆਂ ਪੰਜਾਬ ਅਤੇ ਜੰਮੂ-ਕਸ਼ਮੀਰ ਪੁਲਸ ਵੱਲੋਂ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਖਾਸ ਕਰਕੇ ਪਠਾਨਕੋਟ ਤੋਂ ਕਠੂਆ, ਸਾਂਬਾ ਅਤੇ ਜੰਮੂ ਵੱਲ ਜਾਣ ਵਾਲੇ ਰਾਸ਼ਟਰੀ ਰਾਜਮਾਰਗ 'ਤੇ ਪੁਲਸ ਚੌਕੀਆਂ ਅਤੇ ਨਾਕਿਆਂ 'ਤੇ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ।

ਪੁਲਸ ਕੰਟਰੋਲ ਰੂਮ (ਪੀਸੀਆਰ) ਜੰਮੂ ਵੱਲੋਂ ਜਾਰੀ ਅਲਰਟ ਅਨੁਸਾਰ ਕੁਝ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਵੱਲੋਂ ਬੰਦੂਕ ਦੀ ਨੋਕ









ਐਮ.ਐਲ.ਏ. ਦੇ ਦੌਰੇ ਮਗਰੋਂ ਵੀ ਬਲਟਾਣੇ ਦੀ ਤਸਵੀਰ ਨਹੀਂ ਬਦਲੀ! ਸਫਾਈ ਦੇ ਢੇਰ ਬਰਕਰਾਰ

ਸਾਂਝੀ ਖ਼ਬਰ

ਸਵਾਲ ਵੱਡਾ: ਜਦੋਂ ਵਿਧਾਇਕ ਸਮੇਤ ਪੂਰੀ ਟੀਮ ਨੇ ਮੌਕੇ ਦਾ ਦੌਰਾ ਕੀਤਾ, ਫਿਰ ਵਿਕਾਸ ਕਾਰਜਾਂ ਦੀ ਰਫ਼ਤਾਰ ਤੇਜ਼ ਹੋਣ ਦੀ ਬਜਾਏ ਹੌਲੀ ਕਿਉਂ ਪੈ ਗਈ?



ਦਿਲਬਾਗ ਸਿੰਘ ਕੰਬੋਜ

ਬਲਟਾਣਾ, 16 ਨਵੰਬਰ

ਪਿੰਡ ਬਲਟਾਣਾ ਦੀਆਂ ਸਮੱਸਿਆਵਾਂ ਨੂੰ ਲੈ ਕੇ ਕੁਝ ਦਿਨ ਪਹਿਲਾਂ ਹਲਕਾ ਡੇਰਾਬੱਸੀ ਦੇ ਵਿਧਾਇਕ ਸਰਦਾਰ ਕੁਲਜੀਤ ਸਿੰਘ ਰੰਧਾਵਾ ਵੱਲੋਂ ਨਗਰ ਕੌਂਸਲ ਦੇ ਪ੍ਰਧਾਨ ਸਰਦਾਰ ਗੁਰਪ੍ਰੀਤ ਸਿੰਘ ਵਿਰਕ, ਕੁਝ ਸਥਾਨਕ ਵਸਨੀਕਾਂ ਅਤੇ ਆਪਣੀ ਪੂਰੀ ਟੀਮ ਸਮੇਤ ਕੈਮਰਾਮੈਨ ਦੀ ਮੌਜੂਦਗੀ ਵਿੱਚ ਪਿੰਡ ਦਾ ਦੌਰਾ ਕੀਤਾ ਗਿਆ ਸੀ। ਇਸ ਦੌਰੇ ਤੋਂ ਬਾਅਦ ਇਲਾਕਾ ਵਾਸੀਆਂ ਨੂੰ ਉਮੀਦ ਸੀ ਕਿ ਹੁਣ ਬਲਟਾਣੇ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਸਮੱਸਿਆਵਾਂ ਦੇ ਹੱਲ ਲਈ ਪ੍ਰਸ਼ਾਸਨ ਹਰਕਤ ਵਿੱਚ ਆਵੇਗਾ ਅਤੇ ਵਿਕਾਸ ਕਾਰਜਾਂ ਦੀ ਰਫ਼ਤਾਰ ਤੇਜ਼ ਹੋਵੇਗੀ। ਪਰ ਦੌਰੇ ਤੋਂ ਬਾਅਦ ਸਾਹਮਣੇ ਆ ਰਹੇ ਹਾਲਾਤ ਲੋਕਾਂ ਦੀਆਂ ਉਮੀਦਾਂ 'ਤੇ ਸਵਾਲੀਆ ਨਿਸ਼ਾਨ ਲਗਾ ਰਹੇ ਹਨ।

ਸਭ ਤੋਂ ਵੱਡਾ ਸਵਾਲ ਪਿੰਡ ਦੀ ਸਫਾਈ ਵਿਵਸਥਾ ਨੂੰ ਲੈ ਕੇ ਖੜ੍ਹਾ ਹੋ ਰਿਹਾ ਹੈ। ਗਲੀਆਂ, ਨਾਲੀਆਂ ਅਤੇ ਵੱਖ-ਵੱਖ ਥਾਵਾਂ 'ਤੇ ਕੂੜੇ ਦੇ ਢੇਰ ਅਤੇ ਗੰਦਗੀ ਅਜੇ ਵੀ ਲੋਕਾਂ ਲਈ ਪਰੇਸ਼ਾਨੀ ਦਾ ਕਾਰਨ ਬਣੇ ਹੋਏ ਹਨ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਇੰਨੀ ਵੱਡੀ ਟੀਮ ਵੱਲੋਂ ਪਿੰਡ ਦਾ ਦੌਰਾ ਕੀਤਾ ਗਿਆ ਸੀ ਤਾਂ ਉਸ ਦਾ ਅਸਰ ਜ਼ਮੀਨੀ ਪੱਧਰ 'ਤੇ ਵੀ ਦਿਖਾਈ ਦੇਣਾ ਚਾਹੀਦਾ ਸੀ। ਸਫਾਈ ਦੇ ਮਾਮਲੇ ਵਿੱਚ ਨਾ ਦੌਰੇ ਤੋਂ ਪਹਿਲਾਂ ਕੋਈ ਖਾਸ ਸੁਧਾਰ ਦਿਖਾਈ ਦਿੱਤਾ ਅਤੇ ਨਾ ਹੀ ਦੌਰੇ ਤੋਂ ਬਾਅਦ ਹਾਲਾਤ ਬਦਲਦੇ ਨਜ਼ਰ ਆ ਰਹੇ ਹਨ।

ਫਲਾਈਓਵਰ ਦੀ ਰਫ਼ਤਾਰ 'ਤੇ ਵੀ ਵੱਡਾ ਸਵਾਲ!

ਦੂਜੇ ਪਾਸੇ ਬਲਟਾਣਾ ਦਾ ਫਲਾਈਓਵਰ ਵੀ ਲੋਕਾਂ ਲਈ ਵੱਡੀ ਪਰੇਸ਼ਾਨੀ ਬਣਿਆ ਹੋਇਆ ਹੈ। ਲੰਮੇ ਸਮੇਂ ਤੋਂ ਚੱਲ ਰਹੇ ਇਸ ਕੰਮ ਨੂੰ ਲੈ ਕੇ ਲੋਕਾਂ ਨੂੰ ਉਮੀਦ ਸੀ ਕਿ ਵਿਧਾਇਕ ਦੇ ਦੌਰੇ ਤੋਂ ਬਾਅਦ ਸਬੰਧਤ ਵਿਭਾਗ ਅਤੇ ਠੇਕੇਦਾਰ 'ਤੇ ਸਖ਼ਤੀ ਹੋਵੇਗੀ ਅਤੇ ਕੰਮ ਵਿੱਚ ਤੇਜ਼ੀ ਆਵੇਗੀ। ਪਰ ਇਲਾਕਾ ਵਾਸੀਆਂ ਦੀ ਚਿੰਤਾ ਹੈ ਕਿ ਕੰਮ ਦੀ ਰਫ਼ਤਾਰ ਤੇਜ਼ ਹੋਣ ਦੀ ਬਜਾਏ ਹੋਰ ਸੁਸਤ ਹੁੰਦੀ ਦਿਖਾਈ ਦੇ ਰਹੀ ਹੈ।

ਸਿਰਫ਼ ਮੌਕੇ 'ਤੇ ਪਹੁੰਚ ਕੇ ਜਾਇਜ਼ਾ ਲੈਣਾ ਹੀ ਕਾਫ਼ੀ ਨਹੀਂ, ਸਗੋਂ ਸਬੰਧਤ ਵਿਭਾਗ ਨੂੰ ਕੰਮ ਦੀ ਪ੍ਰਗਤੀ ਦੀ ਲਗਾਤਾਰ ਨਿਗਰਾਨੀ ਕਰਨੀ ਚਾਹੀਦੀ ਹੈ। ਠੇਕੇਦਾਰ ਨੂੰ ਸਪੱਸ਼ਟ ਸਮਾਂ-ਸੀਮਾ ਦਿੱਤੀ ਜਾਵੇ ਅਤੇ ਤੈਅ ਸਮੇਂ ਅੰਦਰ ਕੰਮ ਪੂਰਾ ਨਾ ਹੋਣ ਦੀ ਸੂਰਤ ਵਿੱਚ ਜਵਾਬਦੇਹੀ ਵੀ ਨਿਰਧਾਰਤ ਕੀਤੀ ਜਾਵੇ।

ਪਿੰਡ ਵਾਸੀਆਂ ਦੀ ਮੰਗ ਹੈ ਕਿ ਫਲਾਈਓਵਰ ਦਾ ਕੰਮ 2027 ਸ਼ੁਰੂ ਹੋਣ ਤੋਂ ਪਹਿਲਾਂ ਮੁਕੰਮਲ ਕਰਨ ਲਈ ਠੋਸ ਯੋਜਨਾ ਬਣਾਈ ਜਾਵੇ, ਤਾਂ ਜੋ ਨਵੇਂ ਸਾਲ ਵਿੱਚ ਬਲਟਾਣਾ ਦੇ ਲੋਕਾਂ ਨੂੰ ਜਾਮ ਤੋਂ ਰਾਹਤ ਮਿਲ ਸਕੇ। ਰੋਜ਼ਾਨਾ ਲੱਗਣ ਵਾਲੇ ਜਾਮ ਕਾਰਨ ਸਕੂਲੀ ਬੱਚਿਆਂ, ਮਰੀਜ਼ਾਂ, ਮੁਲਾਜ਼ਮਾਂ, ਮਜ਼ਦੂਰਾਂ ਅਤੇ ਦੁਕਾਨਦਾਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਹੁਣ ਲੋਕਾਂ ਨੂੰ ਦੌਰਿਆਂ ਦੀਆਂ ਤਸਵੀਰਾਂ ਨਹੀਂ, ਜ਼ਮੀਨੀ ਪੱਧਰ 'ਤੇ ਨਤੀਜੇ ਚਾਹੀਦੇ ਹਨ। ਵਿਧਾਇਕ ਸਰਦਾਰ ਕੁਲਜੀਤ ਸਿੰਘ ਰੰਧਾਵਾ ਅਤੇ ਨਗਰ ਕੌਂਸਲ ਪ੍ਰਧਾਨ ਸਰਦਾਰ ਗੁਰਪ੍ਰੀਤ ਸਿੰਘ ਵਿਰਕ ਤੋਂ ਇਲਾਕਾ ਵਾਸੀਆਂ ਦੀ ਉਮੀਦ ਹੈ ਕਿ ਉਹ ਬਲਟਾਣੇ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਸਫਾਈ ਅਤੇ ਫਲਾਈਓਵਰ ਦੇ ਕੰਮ ਦੀ ਖੁਦ ਨਿਗਰਾਨੀ ਕਰਨਗੇ।

ਹੁਣ ਦੇਖਣਾ ਇਹ ਹੋਵੇਗਾ ਕਿ ਬਲਟਾਣੇ ਦੇ ਲੋਕਾਂ ਨੂੰ ਦੌਰੇ ਤੋਂ ਬਾਅਦ ਸਿਰਫ਼ ਭਰੋਸੇ ਹੀ ਮਿਲਦੇ ਹਨ ਜਾਂ ਅਸਲ ਵਿੱਚ ਵਿਕਾਸ ਦੀ ਰਫ਼ਤਾਰ ਵੀ ਬਦਲਦੀ ਹੈ।

ਸ਼੍ਰੀ ਗੁਰੂ ਹਰਿਕ੍ਰਿਸ਼ਨ ਮਾਡਲ ਸਕੂਲ ਦੇ ਪ੍ਰਾਇਮਰੀ ਵਿੰਗ ਦਾ ਸਾਲਾਨਾ ਸਮਾਗਮ 'ਬੱਬਲੀ ਟਿਊਨਜ਼' ਧੂਮਧਾਮ ਨਾਲ ਕਰਵਾਇਆ

ਸਾਂਝੀ ਖ਼ਬਰ

ਪੀ ਐਸ ਮਿੱਠਾ

ਚੰਡੀਗੜ੍ਹ: 16 ਨਵੰਬਰ

ਸ਼੍ਰੀ ਗੁਰੂ ਹਰਿਕ੍ਰਿਸ਼ਨ ਮਾਡਲ ਸਕੂਲ, ਸੈਕਟਰ 38-ਡੀ, ਚੰਡੀਗੜ੍ਹ ਦੇ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਨੇ 16 ਨਵੰਬਰ 2026 ਨੂੰ ਬੜੇ ਉਤਸ਼ਾਹ ਅਤੇ ਜੋਸ਼ ਨਾਲ ਆਪਣਾ ਸਲਾਨਾ ਸਮਾਗਮ "ਬਬਲੀ ਟਿਊਨਸ" (Bubbly Tunes) ਪੇਸ਼ ਕੀਤਾ। ਇਹ ਪ੍ਰੋਗਰਾਮ ਬਚਪਨ, ਪ੍ਰਤਿਭਾ ਅਤੇ ਰਚਨਾਤਮਕਤਾ ਦਾ ਇੱਕ ਸ਼ਾਨਦਾਰ ਜਸ਼ਨ ਸੀ, ਜਿਸ ਵਿੱਚ ਛੋਟੇ ਬੱਚਿਆਂ ਦੇ ਆਤਮ-ਵਿਸ਼ਵਾਸ ਅਤੇ ਸ਼ਾਨਦਾਰ ਪੇਸ਼ਕਾਰੀਆਂ ਨੂੰ ਦਰਸਾਇਆ ਗਿਆ।

ਪ੍ਰਿੰਸੀਪਲ, ਡਾ. ਹਰਪ੍ਰੀਤ ਕੌਰ ਨੇ ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ, ਲਗਨ ਅਤੇ ਉਤਸ਼ਾਹ-ਪੂਰਵਕ ਸ਼ਮੂਲੀਅਤ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਛੋਟੇ ਕਲਾਕਾਰਾਂ ਅਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਟੀਮ ਵਰਕ ਲਈ ਵਧਾਈ ਦਿੱਤੀ, ਅਤੇ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਨੂੰ ਹੋਰ ਨਿਖਾਰਨ ਲਈ ਯਤਨਸ਼ੀਲ ਰਹਿਣ ਲਈ ਉਤਸ਼ਾਹਿਤ ਕੀਤਾ। ਇਹ ਸਮਾਗਮ ਇੱਕ ਖੁਸ਼ੀ ਭਰੇ ਮਾਹੌਲ ਵਿੱਚ ਸਮਾਪਤ ਹੋਇਆ, ਜਿਸ ਨੇ ਦਰਸ਼ਕਾਂ ਦੇ ਦਿਲਾਂ ਵਿੱਚ ਬੱਚਿਆਂ ਦੀ ਉੱਭਰਦੀ ਪ੍ਰਤਿਭਾ ਲਈ ਪਿਆਰੀਆਂ ਯਾਦਾਂ ਅਤੇ ਪ੍ਰਸ਼ੰਸਾ ਛੱਡ ਦਿੱਤੀ।

ਪ੍ਰੋਗਰਾਮ ਦੀ ਸ਼ੁਰੂਆਤ ਯੂ.ਕੇ.ਜੀ. (UKG) ਦੇ ਵਿਦਿਆਰਥੀਆਂ ਦੁਆਰਾ ਪੇਸ਼ ਕੀਤੇ ਗਏ ਇੱਕ ਸੁਰੀਲੇ ਸਵਾਗਤੀ ਗੀਤ ਨਾਲ ਹੋਈ, ਜਿਸ ਤੋਂ ਬਾਅਦ ਇੱਕ ਰੰਗਾਰੰਗ ਹਰਿਆਣਵੀ ਡਾਂਸ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਨਰਸਰੀ ਦੇ ਛੋਟੇ ਬੱਚਿਆਂ ਨੇ ਆਪਣੀਆਂ ਪਿਆਰੀਆਂ ਅਤੇ ਸੁਰੀਲੀਆਂ ਕਵਿਤਾਵਾਂ ਨਾਲ ਸਾਰਿਆਂ ਨੂੰ ਕੀਲ ਲਿਆ। ਪ੍ਰੋਗਰਾਮ ਵਿੱਚ ਇੱਕ ਸਾਰਥਕ ਸੱਭਿਆਚਾਰਕ ਛੋਹ ਜੋੜਦੇ ਹੋਏ, ਦੂਸਰੀ ਜਮਾਤ ਦੇ ਵਿਦਿਆਰਥੀਆਂ ਨੇ ਇੱਕ ਪੰਜਾਬੀ ਸਕਿੱਟ "ਬਾਲਾ ਪ੍ਰੀਤਮ ਦੀ ਅਪਾਰਦਰ-ਸ਼ਤਾ" ਵੀ ਪੇਸ਼ ਕੀਤੀ, ਜੋ ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਜੀਵਨ ਦੀ ਇੱਕ ਪ੍ਰੇਰਨਾਦਾਇਕ ਘਟਨਾ ਨੂੰ ਦਰਸਾਉਂਦੀ ਹੈ। ਉਤਸ਼ਾਹ ਨੂੰ ਬਰਕਰਾਰ ਰੱਖਦੇ ਹੋਏ, ਐਲ.ਕੇ.ਜੀ. (LKG) ਦੇ ਵਿਦਿਆਰਥੀਆਂ ਨੇ ਆਪਣੇ ਜੋਸ਼ੀਲੇ ਅਤੇ ਸ਼ਾਨਦਾਰ ਜੰਗਲ ਡਾਂਸ ਰਾਹੀਂ ਦਰਸ਼ਕਾਂ ਨੂੰ ਜੰਗਲ ਦੀ ਦਿਲਚਸਪ ਦੁਨੀਆ ਵਿੱਚ ਪਹੁੰਚਾ ਦਿੱਤਾ| ਪਹਿਲੀ ਅਤੇ ਦੂਜੀ ਜਮਾਤ ਦੇ ਵਿਦਿਆਰਥੀਆਂ ਨੇ ਇੱਕ ਦਿਲਚਸਪ ਨਾਟਕੀ ਪੇਸ਼ਕਾਰੀ ਰਾਹੀਂ ਸਦਾਬਹਾਰ ਪਰੀ ਕਥਾ "ਸਨੋ ਵ੍ਹਾਈਟ ਐਂਡ ਦ ਸੈਵਨ ਡਵਾਰਫਸ" (Snow White and the Seven Dwarfs) ਪੇਸ਼ ਕੀਤੀ। ਉਹਨਾਂ ਦੀ ਪ੍ਰਭਾਵਸ਼ਾਲੀ ਅਦਾਕਾਰੀ, ਰੰਗ-ਬਿਰੰਗੇ ਪਹਿਰਾਵੇ ਅਤੇ ਸਟੇਜ 'ਤੇ ਆਤਮ-ਵਿਸ਼ਵਾਸ ਭਰੀ ਮੌਜੂਦਗੀ ਨੇ ਦਰਸ਼ਕਾਂ ਨੂੰ ਮੋਹ ਲਿਆ ਅਤੇ ਇਸ ਜਾਦੂਈ ਕਹਾਣੀ ਨੂੰ ਜੀਵੰਤ ਕਰ ਦਿੱਤਾ। ਜਸ਼ਨਾਂ ਵਿੱਚ ਇੱਕ ਪੁਰਾਣੀਆਂ ਯਾਦਾਂ ਦਾ ਅਹਿਸਾਸ ਜੋੜਦੇ ਹੋਏ, ਪਹਿਲੀ ਜਮਾਤ ਦੇ ਵਿਦਿਆਰਥੀਆਂ ਨੇ ਇੱਕ ਸ਼ਾਨਦਾਰ ਰੈਟਰੋ ਡਾਂਸ ਪੇਸ਼ ਕੀਤਾ, ਜਿਸ ਤੋਂ ਬਾਅਦ 'ਬਿਲੀਵਰ' (Believer) ਗੀਤ 'ਤੇ "ਦ ਪਾਵਰ ਵਿਦਇਨ" (The Power Within) ਸਿਰਲੇਖ ਹੇਠ ਇੱਕ ਜੋਸ਼ੀਲੀ ਪੇਸ਼ਕਾਰੀ ਕੀਤੀ ਗਈ। ਇਸ ਊਰਜਾਵਾਨ ਪੇਸ਼ਕਾਰੀ ਨੇ ਅੰਦਰੂਨੀ ਤਾਕਤ, ਦ੍ਰਿੜ ਇਰਾਦੇ ਅਤੇ ਸਵੈ-ਵਿਸ਼ਵਾਸ ਦਾ ਜਸ਼ਨ ਮਨਾਇਆ, ਜਿਸ ਨੇ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ।

ਦੂਜੀ ਜਮਾਤ ਦੇ ਵਿਦਿਆਰਥੀਆਂ ਨੇ ਇੱਕ ਜੋਸ਼ੀਲੇ ਭੰਗੜੇ ਨਾਲ ਪ੍ਰੋਗਰਾਮ ਦੀ ਸ਼ਾਨਦਾਰ ਸਮਾਪਤੀ ਕੀਤੀ, ਜਿਸ ਨੇ ਮਾਹੌਲ ਨੂੰ ਪੰਜਾਬੀ ਜੋਸ਼, ਤਾਲ ਅਤੇ ਉਤਸ਼ਾਹ ਨਾਲ ਭਰ ਦਿੱਤਾ। ਸਮੁੱਚਾ ਪ੍ਰੋਗਰਾਮ ਛੋਟੇ ਵਿਦਿਆਰਥੀਆਂ ਵਿੱਚ ਰਚਨਾਤਮਕਤਾ, ਆਤਮ-ਵਿਸ਼ਵਾਸ, ਟੀਮ ਵਰਕ ਅਤੇ ਸਰਬਪੱਖੀ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸਕੂਲ ਦੀ ਵਚਨਬੱਧਤਾ ਨੂੰ ਦਰਸਾਇਆ |

ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਅਤੇ ਪ੍ਰੈੱਸ ਦਿਵਸ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ

ਸਾਂਝੀ ਖ਼ਬਰ

ਪ੍ਰੈੱਸ ਕਲੱਬ ਰਾਏਕੋਟ ਵੱਲੋਂ ਪੁਰਾਤਨ ਸ਼ਿਵਾਲਾ ਖਾਮ ਮੰਦਰ ਵਿਖੇ ਲਗਾਇਆ ਗਿਆ ਕੈਂਪ, ਖੂਨਦਾਨੀਆਂ ਅਤੇ ਮਹਿਮਾਨਾਂ ਦਾ ਕੀਤਾ ਸਨਮਾਨ



(ਗੁਰਭਿੰਦਰ ਗੁਰੀ)

ਰਾਏਕੋਟ, 16 ਨਵੰਬਰ

ਦੇਸ਼ ਦੀ ਆਜ਼ਾਦੀ ਲਈ ਨਿੱਕੀ ਉਮਰੇ ਆਪਣੀ ਜਾਨ ਕੁਰਬਾਨ ਕਰਨ ਵਾਲੇ ਮਹਾਨ ਕ੍ਰਾਂਤੀਕਾਰੀ ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਅਤੇ ਪ੍ਰੈੱਸ ਦਿਵਸ ਨੂੰ ਸਮਰਪਿਤ ਪ੍ਰੈੱਸ ਕਲੱਬ ਰਾਏਕੋਟ (ਰਜਿ.) ਵੱਲੋਂ ਸਥਾਨਕ ਸ਼ਹਿਰ ਦੇ ਪੁਰਾਤਨ ਮੰਦਰ ਸ਼ਿਵਾਲਾ ਖਾਮ (ਤਲਾਬ ਵਾਲਾ) ਵਿਖੇ ਖੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਸੰਵੇਦਨਾ ਟਰੱਸਟ (ਰਜਿ.), ਸਿਵਲ ਹਸਪਤਾਲ ਲੁਧਿਆਣਾ ਦੀ ਟੀਮ ਵੱਲੋਂ 35 ਯੂਨਿਟ ਖੂਨ ਇਕੱਤਰ ਕੀਤਾ ਗਿਆ।

ਕੈਂਪ ਦਾ ਉਦਘਾਟਨ ਹੀਰਾ ਲਾਲ ਬਾਂਸਲ (ਮੁਸਕਾਨ ਫੀਡ) ਅਤੇ ਵਿਨੋਦ ਜੈਨ (ਪੁਜਾਰੀ ਫੀਡ) ਵੱਲੋਂ ਸਾਂਝੇ ਤੌਰ 'ਤੇ ਰੀਬਨ ਕੱਟ ਕੇ ਕੀਤਾ ਗਿਆ। ਇਸ ਮੌਕੇ ਉਨ੍ਹਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਮਹਾਨ ਕੁਰਬਾਨੀ ਨੂੰ ਕੋਟਿ-ਕੋਟਿ ਪ੍ਰਣਾਮ ਕਰਦਿਆਂ ਪ੍ਰੈੱਸ ਕਲੱਬ ਰਾਏਕੋਟ ਦੇ ਸਮੂਹ ਮੈਂਬਰਾਂ ਨੂੰ ਪ੍ਰੈੱਸ ਦਿਵਸ ਦੀ ਵਧਾਈ ਦਿੱਤੀ।

ਇਸ ਮੌਕੇ ਪ੍ਰੈੱਸ ਕਲੱਬ ਰਾਏਕੋਟ ਦੇ ਪ੍ਰਧਾਨ ਇਕਬਾਲ ਸਿੰਘ ਗੁਲਾਬ ਅਤੇ ਸਮੂਹ ਮੈਂਬਰਾਂ ਵੱਲੋਂ ਕੈਂਪ ਵਿੱਚ ਪਹੁੰਚੇ ਮਹਿਮਾਨਾਂ ਅਤੇ ਖੂਨਦਾਨੀਆਂ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਕਲੱਬ ਦੇ ਇਸ ਉਪਰਾਲੇ ਨੂੰ ਸ਼ਹਿਰ ਦੀਆਂ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਵਪਾਰਕ ਜਥੇਬੰਦੀਆਂ ਦੇ ਨੁਮਾਇੰਦਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ।

ਇਸ ਮੌਕੇ ਅਤਰ ਸਿੰਘ ਚੱਢਾ, ਸ਼ਤੀਸ਼ ਭੱਲਾ, ਮੈਨੇਜਰ ਰਾਮ ਸਿੰਘ, ਮਦਨ ਲਾਲ ਅੱਗਰਵਾਲ ਪ੍ਰਧਾਨ ਕਰਿਆਨਾ ਯੂਨੀਅਨ, ਵਿਨੋਦ ਖੁਰਮੀ ਪ੍ਰਧਾਨ ਸਵਰਨਕਾਰ ਸੰਘ, ਗੁਲਸ਼ਨ ਮਿੱਤਲ ਪ੍ਰਧਾਨ ਲਾਇਨਜ਼ ਕਲੱਬ, ਸਕੱਤਰ ਬਿਕਰਮਜੀਤ ਬਾਂਸਲ, ਬਲਜੀਤ ਸਿੰਘ ਤਾਜਪੁਰ, ਸੁਖਮਿੰਦਰ ਸਿੰਘ ਧੂਰਕੋਟ, ਇੰਦਰਜੀਤ ਸਿੰਘ ਗੋਂਦਵਾਲ ਸਾਬਕਾ ਚੇਅਰਮੈਨ, ਇੰਦਰਪਾਲ ਗੋਲਡੀ ਪ੍ਰਧਾਨ, ਅਮਨਦੀਪ ਸ਼ਰਮਾ ਜ਼ਿਲ੍ਹਾ ਮੀਤ ਪ੍ਰਧਾਨ ਬੀਕੇਯੂ ਡਕੌਂਦਾ, ਅਸ਼ੋਕ ਕਨੌਜੀਆ ਪ੍ਰਧਾਨ ਸੰਜੀਵਨੀ ਟਰੱਸਟ, ਧਰਮਪਾਲ ਠੇਕੇਦਾਰ, ਪ੍ਰੀਤਮ ਸਿੰਘ ਬਰ੍ਹਮੀ, ਭਾਈ ਨੂਰਾ ਮਾਹੀ ਸੇਵਾ ਸੁਸਾਇਟੀ ਦੇ ਪ੍ਰਧਾਨ, ਕਪਿਲ ਗਰਗ ਭਾਜਪਾ ਆਗੂ, ਮਾਸਟਰ ਰਾਜਨ ਸਿੰਘ, ਗੁਲਸ਼ਨ ਜੇਠੀ, ਹਾਕਮ ਸਿੰਘ ਬਾਲਾਜੀ ਹੋਟਲ, ਛੈਂਬਰ ਸਿੰਘ ਵੜਿੰਗ, ਭਿੰਦਰ ਸਿੰਘ ਬੁੱਟਰ, ਗੌਰਵ ਜੈਨ ਪ੍ਰਧਾਨ ਐੱਸ.ਐੱਸ. ਜੈਨ ਸਭਾ, ਸੁਸ਼ੀਲ ਕੁਮਾਰ, ਗੁਰਭਿੰਦਰ ਗੁਰੀ.ਪ੍ਰਵੀਨ ਅੱਗਰਵਾਲ, ਰਘਵੀਰ ਸਿੰਘ ਜੱਗਾ, ਸੰਜੀਵ ਭੱਲਾ, ਸ਼ਮਸ਼ੇਰ ਸਿੰਘ, ਨਾਮਪ੍ਰੀਤ ਸਿੰਘ ਗੋਗੀ, ਅਮਿਤ ਪਾਸੀ, ਮੁਹੰਮਦ ਇਮਰਾਨ, ਸੁਸ਼ੀਲ ਵਰਮਾ, ਤੇਜਿੰਦਰ ਸਿੰਘ ਨੱਤ, ਜਸਵੰਤ ਸਿੰਘ ਸਿੱਧੂ, ਠਾਕੁਰਜੀਤ ਸਿੰਘ ਤਾਜਪੁਰੀ, ਅਜੈਪਾਲ ਸ਼ਰਮਾ ਕੋਚ, ਬੌਬੀ ਚੱਕਭਾਈਕਾ, ਪਾਲਾ ਚੱਕਭਾਈਕਾ ਸਮੇਤ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

ਕੁਲਵੰਤ ਮਲੂਕਾ ਨੇ ਸਾਬਕਾ ਮੁੱਖ ਮੰਤਰੀ ਚੰਨੀ ਦੀ ਨਾਲ ਕੀਤੀ ਮੀਟਿੰਗ, ਕੁਲਵੰਤ ਮਲੂਕਾ ਦੇ ਸਿਆਸੀ ਵਿਰੋਧੀ ਚਿੰਤਤ

ਸਾਂਝੀ ਖ਼ਬਰ



ਵੀਰਪਾਲ ਭਗਤਾ,

ਭਗਤਾ ਭਾਈਕਾ -

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਚਰਨਜੀਤ ਸਿੰਘ ਚੰਨੀ ਨਾਲ ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਤੋਂ ਕਾਂਗਰਸ ਦੇ ਸਰਗਰਮ ਆਗੂ ਕੁਲਵੰਤ ਸਿੰਘ ਮਲੂਕਾ ਵਲੋਂ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਸ ਮੌਕੇ ਦੋਵਾਂ ਆਗੂਆਂ ਵਿਚਕਾਰ ਪੰਜਾਬ ਦੀ ਮੌਜੂਦਾ ਰਾਜਨੀਤਿਕ ਸਥਿਤੀ, ਕਾਂਗਰਸ ਪਾਰਟੀ ਦੀ ਮਜ਼ਬੂਤੀ ਅਤੇ ਜਥੇਬੰਦੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਸਰਗਰਮ ਕਰਨ ਸਬੰਧੀ ਵਿਚਾਰ-ਵਟਾਂਦਰਾ ਹੋਇਆ। ਜਿਕਰਯੋਗ ਹੈ ਕਿ ਹਲਕਾ ਬਾਘਾ ਪੁਰਾਣਾ ਤੋਂ ਕਾਂਗਰਸ ਦੀ ਟਿਕਟ ਹਾਸਿਲ ਕਰਨ ਲਈ ਕੁਲਵੰਤ ਸਿੰਘ ਮਲੂਕਾ ਹਰ ਸੰਭਵ ਯਤਨ ਕਰ ਰਹੇ ਹਨ ਅਤੇ ਉਨ੍ਹਾਂ ਦੀਆਂ ਸਿਆਸੀ ਸਰਗਰਮੀਆਂ ਅਤੇ ਉਨ੍ਹਾਂ ਵੱਲੋਂ ਲੋਕਾਂ ਹਿਤਾਂ ਲਈ ਕੀਤੇ ਜਾਂ ਰਹੇ ਐਲਾਨਾਂ ਨੂੰ ਲੈ ਕੇ ਕੁਲਵੰਤ ਮਲੂਕਾ ਦੇ ਸਿਆਸੀ ਵਿਰੋਧੀ ਆਗੂ ਚਿੰਤਤ ਵਿਖਾਈ ਦੇ ਰਹੇ ਹਨ।

ਇਸ ਮੌਕੇ ਕਾਂਗਰਸ ਦੇ ਸਰਗਰਮ ਆਗੂ ਕੁਲਵੰਤ ਸਿੰਘ ਮਲੂਕਾ ਨੇ ਕਿਹਾ ਕਿ ਕਾਂਗਰਸ ਪਾਰਟੀ ਦੀ ਅਸਲ ਤਾਕਤ ਉਸ ਦੇ ਮਿਹਨਤੀ ਅਤੇ ਸਮਰਪਿਤ ਵਰਕਰ ਹਨ, ਜੋ ਹਰ ਸਮੇਂ ਲੋਕਾਂ ਦੇ ਵਿਚਕਾਰ ਰਹਿਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਦੇ ਹਨ ਅਤੇ ਉਨ੍ਹਾਂ ਦੇ ਹਰ ਦੁੱਖ-ਸੁੱਖ ਵਿਚ

ਹਰਿਆਣਾ ਵਿੱਚ ਸਾਲਾਨਾ ਧਾਰਮਿਕ ਪ੍ਰੀਖਿਆ 17 ਅਤੇ 18 ਨਵੰਬਰ ਨੂੰ ਹੋਵੇਗੀ: ਸੁਖਵਿੰਦਰ ਸਿੰਘ

ਸਾਂਝੀ ਖ਼ਬਰ

(ਸੁਖਵਿੰਦਰ ਸੋਹੀ)

ਕੁਰਛੇਤਰ 16 ਨਵੰਬਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸਾਲ 2026-27 ਦੌਰਾਨ ਦੇਸ਼ ਭਰ ਦੇ ਸਕੂਲਾਂ ਅਤੇ ਕਾਲਜਾਂ ਵਿੱਚ ਕਰਵਾਈ ਜਾ ਰਹੀ ਸਾਲਾਨਾ ਧਾਰਮਿਕ ਪ੍ਰੀਖਿਆ ਤਹਿਤ ਹਰਿਆਣਾ ਰਾਜ ਵਿੱਚ ਦਰਜਾ ਪਹਿਲਾ ਅਤੇ ਦੂਜਾ ਦੀ ਪ੍ਰੀਖਿਆ 17 ਅਤੇ 18 ਨਵੰਬਰ ਨੂੰ ਕਰਵਾਈ ਜਾਵੇਗੀ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿੱਖ ਮਿਸ਼ਨ ਹਰਿਆਣਾ, ਕੁਰੂਕਸ਼ੇਤਰ ਦੇ ਇੰਚਾਰਜ ਸ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਇਹ ਪ੍ਰੀਖਿਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਰਵਾਈ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਹਰਿਆਣਾ ਰਾਜ ਵਿੱਚ ਪ੍ਰੀਖਿਆ ਕਰਵਾਉਣ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਸਬੰਧਤ ਸਕੂਲਾਂ ਅਤੇ ਕਾਲਜਾਂ ਨੂੰ ਵਿਦਿਆਰਥੀਆਂ ਦੇ ਰੋਲ ਨੰਬਰ ਅਤੇ ਡੇਟ ਸ਼ੀਟ ਭੇਜ ਦਿੱਤੀ ਗਈ ਹੈ। ਇਸ ਵਾਰ ਹਰਿਆਣਾ ਦੇ ਵੱਖ-ਵੱਖ ਜ਼ਿਲ੍ਹਿਆਂ ਕਰਨਾਲ, ਫਤਿਹਾਬਾਦ, ਅੰਬਾਲਾ, ਸਿਰਸਾ ਅਤੇ ਕੁਰੂਕਸ਼ੇਤਰ ਤੋਂ ਕੁੱਲ 413 ਵਿਦਿਆਰਥੀਆਂ ਨੇ ਇਸ ਧਾਰਮਿਕ ਪ੍ਰੀਖਿਆ ਲਈ ਆਪਣੇ ਨਾਮ ਦਰਜ ਕਰਵਾਏ ਹਨ।

ਉਨ੍ਹਾਂ ਕਿਹਾ ਕਿ ਪ੍ਰੀਖਿਆ ਨੂੰ ਸੁਚਾਰੂ ਅਤੇ ਨਿਰਪੱਖ ਢੰਗ ਨਾਲ ਨੇਪਰੇ ਚਾੜ੍ਹਨ ਲਈ ਪ੍ਰੀਖਿਆ ਅਮਲੇ ਦੀਆਂ ਡਿਊਟੀਆਂ ਵੀ ਲਗਾ ਦਿੱਤੀਆਂ ਗਈਆਂ ਹਨ। ਵਿਦਿਆ-ਰਥੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਪਣੀ ਡੇਟ ਸ਼ੀਟ ਅਨੁਸਾਰ ਨਿਰਧਾਰਤ ਸਮੇਂ 'ਤੇ ਪ੍ਰੀਖਿਆ ਕੇਂਦਰਾਂ ਵਿੱਚ ਪਹੁੰਚਣ।

ਉਨ੍ਹਾਂ ਅੱਗੇ ਦੱਸਿਆ ਕਿ ਰੋਲ ਨੰਬਰ ਜਾਂ ਡੇਟ ਸ਼ੀਟ ਨਾ ਮਿਲਣ ਦੀ ਸੂਰਤ ਵਿੱਚ ਸਬੰਧਤ ਸਕੂਲਾਂ ਦੇ ਪ੍ਰਿੰਸੀਪਲ ਅਤੇ ਵਿਦਿਆਰਥੀ ਸਿੱਖ ਮਿਸ਼ਨ ਹਰਿਆਣਾ, ਕੁਰੂਕਸ਼ੇਤਰ ਨਾਲ ਸੰਪਰਕ ਕਰਕੇ ਲੋੜੀਂਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਧਾਰਮਿਕ ਪ੍ਰੀਖਿਆਵਾਂ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ, ਗੁਰਬਾਣੀ, ਸਿੱਖ ਸਿਧਾਂਤਾਂ ਅਤੇ ਧਾਰਮਿਕ ਵਿਰਸੇ ਨਾਲ ਜੋੜਨਾ ਹੈ।

ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਜਗਜੀਵਨ ਸਿੰਘ ਸਫਰੀ ਵੱਲੋਂ ਸੇਵਾ ਪੰਥੀ ਸਿੰਘਾਂ ਨਾਲ ਮਿਲ ਕੇ ਅਰਦਾਸ-ਬੇਨਤੀ

ਸਾਂਝੀ ਖ਼ਬਰ

ਸਮਾਜ ਸੇਵੀ ਜਥੇਬੰਦੀਆਂ ਨੂੰ ਨੌਜਵਾਨਾਂ ਦੀ ਭਲਾਈ ਲਈ ਇਕਜੁੱਟ ਹੋ ਕੇ ਅੱਗੇ ਆਉਣ ਦੀ ਅਪੀਲ

ਸੁਖਵਿੰਦਰ ਸੋਹੀ

ਕੁਰਛੇਤਰ 16 ਨਵੰਬਰ

ਨੌਜਵਾਨ ਕਿਸੇ ਵੀ ਦੇਸ਼ ਅਤੇ ਸਮਾਜ ਦਾ ਅਨਮੋਲ ਸਰਮਾਇਆ ਹੁੰਦੇ ਹਨ। ਜੇਕਰ ਨੌਜਵਾਨ ਪੀੜ੍ਹੀ ਨਸ਼ਿਆਂ ਦੀ ਬੁਰੀ ਆਦਤ ਦਾ ਸ਼ਿਕਾਰ ਹੋ ਜਾਵੇ ਤਾਂ ਇਸ ਦਾ ਅਸਰ ਸਿਰਫ਼ ਇੱਕ ਪਰਿਵਾਰ ਤੱਕ ਸੀਮਤ ਨਹੀਂ ਰਹਿੰਦਾ, ਸਗੋਂ ਪੂਰੇ ਸਮਾਜ ਅਤੇ ਦੇਸ਼ ਦੇ ਭਵਿੱਖ ਉੱਤੇ ਪੈਂਦਾ ਹੈ। ਇਸ ਗੰਭੀਰ ਸਮਾਜਿਕ ਸਮੱਸਿਆ ਨੂੰ ਦੇਖਦਿਆਂ ਸਮਾਜ ਸੇਵੀ ਜਗਜੀਵਨ ਸਿੰਘ ਸਫਰੀ ਵੱਲੋਂ ਸੇਵਾ ਪੰਥੀ ਸਿੰਘਾਂ ਨਾਲ ਮਿਲ ਕੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਾਹਨਤ ਤੋਂ ਬਚਾਉਣ ਅਤੇ ਸਮਾਜ ਵਿੱਚ ਚੰਗੀ ਸੋਚ ਦਾ ਸੰਚਾਰ ਕਰਨ ਲਈ ਅਰਦਾਸ-ਬੇਨਤੀ ਕੀਤੀ ਗਈ।



ਇਸ ਮੌਕੇ ਉਨ੍ਹਾਂ ਨੇ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵਰਗੀਆਂ ਬੁਰੀਆਂ ਆਦਤਾਂ ਤੋਂ ਦੂਰ ਰੱਖਿਆ ਜਾਵੇ ਅਤੇ ਹਰ ਨੌਜਵਾਨ ਨੂੰ ਸਹੀ ਰਸਤੇ ਉੱਤੇ ਚੱਲਣ ਦੀ ਸੁਮੱਤ ਬਖ਼ਸ਼ੀ ਜਾਵੇ। ਉਨ੍ਹਾਂ ਕਿਹਾ ਕਿ ਅੱਜ ਸਮਾਜ ਨੂੰ ਸਭ ਤੋਂ ਵੱਧ ਲੋੜ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣ ਦੀ ਹੈ, ਕਿਉਂਕਿ ਨੌਜਵਾਨਾਂ ਦੇ ਮਜ਼ਬੂਤ ਅਤੇ ਸਿਹਤਮੰਦ ਭਵਿੱਖ ਨਾਲ ਹੀ ਸਮਾਜ ਦੀ ਤਰੱਕੀ ਸੰਭਵ ਹੈ।

ਜਗਜੀਵਨ ਸਿੰਘ ਸਫਰੀ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਕਿਸੇ ਇੱਕ ਵਿਅਕਤੀ ਜਾਂ ਜਥੇਬੰਦੀ ਦੀ ਨਹੀਂ, ਸਗੋਂ ਸਾਰੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਇਸ ਲਈ ਧਾਰਮਿਕ ਸੰਸਥਾਵਾਂ, ਸਮਾਜ ਸੇਵੀ ਜਥੇਬੰਦੀਆਂ, ਬੁੱਧੀਜੀਵੀਆਂ ਅਤੇ ਮਾਪਿਆਂ ਨੂੰ ਮਿਲ ਕੇ ਯਤਨ ਕਰਨੇ ਚਾਹੀਦੇ ਹਨ। ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਉਨ੍ਹਾਂ ਨੂੰ ਸਿੱਖਿਆ, ਖੇਡਾਂ, ਧਾਰਮਿਕ ਗਤੀਵਿਧੀਆਂ ਅਤੇ ਸਮਾਜ ਸੇਵਾ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ।

ਉਨ੍ਹਾਂ ਕਿਹਾ ਕਿ ਸਿਰਫ਼ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਗੱਲ ਕਰਨ ਨਾਲ ਹੀ ਬਦਲਾਅ ਨਹੀਂ ਆਵੇਗਾ, ਸਗੋਂ ਪ੍ਰਭਾਵਿਤ ਨੌਜਵਾਨਾਂ ਨੂੰ ਪਿਆਰ, ਹਮਦਰਦੀ ਅਤੇ ਸਹਿਯੋਗ ਦੇ ਕੇ ਮੁੜ ਚੰਗੇ ਜੀਵਨ ਵੱਲ ਲਿਆਉਣਾ ਵੀ ਜ਼ਰੂਰੀ ਹੈ।

ਅੰਤ ਵਿੱਚ ਉਨ੍ਹਾਂ ਸਮੂਹ ਸਮਾਜ ਸੇਵੀ ਜਥੇਬੰਦੀਆਂ ਅਤੇ ਧਾਰਮਿਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਇਸ ਨੇਕ ਕਾਰਜ ਲਈ ਇਕਜੁੱਟ ਹੋਣ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਵਿੱਚ ਆਪਣਾ ਯੋਗਦਾਨ ਪਾਉਣ।

ਜੰਡਿਆਲਾ ਗੁਰੂ ਵਿਖੇ ਪੱਤਰਕਾਰ ਭਾਈਚਾਰੇ ਵੱਲੋਂ ਕੇਕ ਕੱਟ ਕੇ ਮਨਾਇਆ ਗਿਆ ਪ੍ਰੈਸ ਦਿਵਸ

ਸਾਂਝੀ ਖ਼ਬਰ

ਪੱਤਰਕਾਰਾਂ ਨੇ ਸੱਚਾਈ ਅਤੇ ਨਿਰਪੱਖਤਾ ਨਾਲ ਪੱਤਰਕਾਰੀ ਕਰਨ ਦਾ ਲਿਆ ਸੰਕਲਪ, ਆਪਸੀ ਏਕਤਾ ਦਾ ਦਿੱਤਾ ਸੰਦੇਸ਼

ਕਾਂਗਰਸ ਦੇ ਯੂਥ ਵਿੰਗ ਦੇ ਆਗੂ ਨਵਤੇਜ ਸਿੰਘ ਅਮਰਕੋਟ ਵੱਲੋ ਪ੍ਰੈਸ ਡੇ ਦੇ ਮੌਕੇ ਤੇ ਪਹੁੰਚ ਕੇ ਸਮੂਹ ਪੱਤਰਕਾਰਾਂ ਨੂੰ ਦਿੱਤੀ ਵਧਾਈ

(ਅਸ਼ਵਨੀ ਸ਼ਰਮਾਂ)

ਜੰਡਿਆਲਾ ਗੁਰੂ

ਜੰਡਿਆਲਾ ਗੁਰੂ ਵਿਖੇ ਪੱਤਰਕਾਰ ਭਾਈਚਾਰੇ ਵੱਲੋਂ ਇਕੱਠੇ ਹੋ ਕੇ ਪ੍ਰੈਸ ਦਿਵਸ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਪੱਤਰਕਾਰਾਂ ਵੱਲੋਂ ਕੇਕ ਕੱਟ ਕੇ ਇਕ-ਦੂਜੇ ਨੂੰ ਪ੍ਰੈਸ ਦਿਵਸ ਦੀਆਂ ਵਧਾਈਆਂ ਦਿੱਤੀਆਂ ਗਈਆਂ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਸੱਚਾਈ, ਨਿਰਪੱਖਤਾ ਅਤੇ ਲੋਕਤੰਤਰ ਦੀ ਮਜ਼ਬੂਤੀ ਲਈ ਆਪਣੀ ਜ਼ਿੰਮੇਵਾਰੀ ਨਿਭਾਉਣ ਦਾ ਸੰਕਲਪ ਲਿਆ ਗਿਆ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਕਾਂਗਰਸੀ ਆਗੂ ਨਵਤੇਜ ਸਿੰਘ ਨੇ ਸਮੂਹ ਪੱਤਰਕਾਰ ਭਾਈਚਾਰੇ ਨੂੰ ਪ੍ਰੈਸ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਪੱਤਰਕਾਰ ਸਮਾਜ ਦਾ ਸ਼ੀਸ਼ਾ ਹੁੰਦੇ



ਹਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਰਕਾਰ ਅਤੇ ਪ੍ਰਸ਼ਾਸਨ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਸਮੂਹ ਪੱਤਰਕਾਰਾਂ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਵੀ ਕੀਤੀ।

ਇਸ ਮੌਕੇ ਸੁਖਚੈਨ ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਪੱਤਰਕਾਰਾਂ ਨੂੰ ਹਮੇਸ਼ਾ ਸੱਚ ਦੀ ਲੜਾਈ ਲੜਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੱਤਰਕਾਰੀ ਕਰਦੇ ਸਮੇਂ ਕਿਸੇ ਵੀ ਤਰ੍ਹਾਂ ਦੇ ਦਬਾਅ ਜਾਂ ਲਾਲਚ ਵਿੱਚ ਆਉਣ ਦੀ ਬਜਾਏ ਨਿਰਪੱਖ ਅਤੇ ਸੱਚੀਆਂ ਖ਼ਬਰਾਂ ਨੂੰ ਹੀ ਤਰਜੀਹ ਦੇਣੀ ਚਾਹੀਦੀ ਹੈ। ਪੱਤਰਕਾਰੀ ਦਾ ਮੁੱਖ ਮਕਸਦ ਲੋਕਾਂ ਦੀ ਆਵਾਜ਼ ਬਣਨਾ ਅਤੇ ਲੋੜਵੰਦ ਤੇ ਗਰੀਬ ਲੋਕਾਂ ਨੂੰ ਇਨਸਾਫ ਦਿਵਾਉਣ ਲਈ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਉਜਾਗਰ ਕਰਨਾ ਹੋਣਾ ਚਾਹੀਦਾ ਹੈ।

ਇਸ ਮੌਕੇ ਪੱਤਰਕਾਰ ਸੁਖਜਿੰਦਰ ਸਿੰਘ ਸੋਨੂੰ ਅਤੇ ਕੰਵਲਜੀਤ ਸਿੰਘ ਲਾਡੀ ਨੇ ਸਮੂਹ ਪੱਤਰਕਾਰ ਭਾਈਚਾਰੇ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਰੇ ਪੱਤਰਕਾਰਾਂ ਨੂੰ ਆਪਸੀ ਮਤਭੇਦ ਭੁਲਾ ਕੇ ਰਲ-ਮਿਲ ਕੇ ਰਹਿਣਾ ਚਾਹੀਦਾ ਹੈ ਅਤੇ ਪੱਤਰਕਾਰ ਭਾਈਚਾਰੇ ਦੀ ਏਕਤਾ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰ ਪੱਤਰਕਾਰ ਨੂੰ ਬਿਨਾਂ ਕਿਸੇ ਦਬਾਅ ਦੇ ਨਿਰਪੱਖ ਅਤੇ ਸੱਚੀ ਪੱਤਰਕਾਰੀ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਅਜਿਹੇ ਖੁਸ਼ੀ ਦੇ ਮੌਕਿਆਂ 'ਤੇ ਸਾਰੇ ਪੱਤਰਕਾਰਾਂ ਨੂੰ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨੀ ਚਾਹੀਦੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਜਦੋਂ ਵੀ ਕਿਸੇ ਪੱਤਰਕਾਰ ਭਾਈਚਾਰੇ ਦੇ ਮੈਂਬਰ 'ਤੇ ਕੋਈ ਮੁਸੀਬਤ ਜਾਂ ਔਖੀ ਘੜੀ ਆਉਂਦੀ ਹੈ ਤਾਂ ਸਮੂਹ ਪੱਤਰਕਾਰਾਂ ਨੂੰ ਆਪਣਾ ਫਰਜ਼ ਸਮਝਦਿਆਂ ਉਸ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੁਸੀਬਤ ਸਮੇਂ ਸਾਥ ਦੇਣ ਨਾਲ ਸਬੰਧਤ ਪੱਤਰਕਾਰ ਦਾ ਹੌਸਲਾ ਵਧਦਾ ਹੈ ਅਤੇ ਪੱਤਰਕਾਰਾਂ ਵਿਚਕਾਰ ਪਰਿਵਾਰਕ ਸਾਂਝ ਤੇ ਏਕਤਾ ਦੀ ਭਾਵਨਾ ਹੋਰ ਮਜ਼ਬੂਤ ਹੁੰਦੀ ਹੈ। ਪੱਤਰਕਾਰ ਭਾਈਚਾਰੇ ਦੀ ਅਸਲ ਤਾਕਤ ਆਪਸੀ ਸਹਿਯੋਗ ਅਤੇ ਇੱਕ-ਦੂਜੇ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੋਣ ਵਿੱਚ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਪ੍ਰੈਸ ਦਿਵਸ ਨੂੰ ਇਕੱਠੇ ਹੋ ਕੇ ਮਨਾਉਣਾ ਚਾਹੀਦਾ ਹੈ, ਤਾਂ ਜੋ ਪੱਤਰਕਾਰੀ ਦੀ ਭਾਵਨਾ, ਪੱਤਰਕਾਰਾਂ ਦੀ ਏਕਤਾ ਅਤੇ ਲੋਕ ਹਿੱਤਾਂ ਲਈ ਕੰਮ ਕਰਨ ਦੇ ਜਜ਼ਬੇ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

ਇਸ ਖੁਸ਼ੀ ਦੇ ਮੌਕੇ ਜੰਡਿਆਲਾ ਗੁਰੂ ਦੇ ਪੱਤਰਕਾਰ ਭਾਈਚਾਰੇ ਵਿੱਚੋਂ ਸੁਖਜਿੰਦਰ ਸਿੰਘ ਸੋਨੂੰ, ਕੰਵਲਜੀਤ ਸਿੰਘ ਲਾਡੀ, ਪਰਗਟ ਸਿੰਘ, ਅਸ਼ਵਨੀ ਸ਼ਰਮਾ,ਸੁਖਚੈਨ ਸਿੰਘ, ਗੁਰਪ੍ਰੀਤ ਸਿੰਘ, ਪਰਮਜੀਤ ਸਿੰਘ ,ਰੌਕੀ ਜੈਨ ,ਅਤੇ ਰਣਜੀਤ ਸਿੰਘ ਸਮੇਤ ਸਮੂਹ ਪੱਤਰਕਾਰਾਂ ਨੇ ਇਕੱਠੇ ਹੋ ਕੇ ਇਸ ਖੁਸ਼ੀ ਦੇ ਪਲ ਨੂੰ ਸਾਂਝਾ ਕੀਤਾ। ਸਾਰਿਆਂ ਨੇ ਇੱਕ-ਦੂਜੇ ਨੂੰ ਪ੍ਰੈਸ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਪੱਤਰਕਾਰ ਭਾਈਚਾਰੇ ਦੀ ਏਕਤਾ, ਆਪਸੀ ਸਾਂਝ ਅਤੇ ਭਾਈਚਾਰਕ ਸਦਭਾਵਨਾ ਨੂੰ ਹੋਰ ਮਜ਼ਬੂਤ ਕਰਨ ਦਾ ਸੰਦੇਸ਼ ਦਿੱਤਾ।

2027 ਦੀਆਂ ਚੋਣਾਂ ਵਿੱਚ ਪੰਜਾਬ ਅੰਦਰ ਕਾਂਗਰਸ ਦੀ ਸਰਕਾਰ ਬਣਨੀ ਤੈਅ, ਲੋਕ ਮੌਜੂਦਾ ਸਰਕਾਰ ਤੋਂ ਦੁਖੀ : ਪ੍ਰਗਟ ਸਿੰਘ

ਸਾਂਝੀ ਖ਼ਬਰ

ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਹਾਲਤ ਚਿੰਤਾਜਨਕ, ਨਸ਼ਿਆਂ, ਮਾਈਨਿੰਗ, ਸਿੱਖਿਆ ਅਤੇ ਸਿਹਤ ਦੇ ਮੁੱਦਿਆਂ 'ਤੇ ਭਗਵੰਤ ਮਾਨ ਸਰਕਾਰ ਨੂੰ ਘੇਰਿਆ

(ਤਰਸੇਮ ਦੀਵਾਨਾ)

ਹੁਸ਼ਿਆਰਪੁਰ, 16 ਨਵੰਬਰ

ਪੰਜਾਬ ਵਿੱਚ 2027 ਦੌਰਾਨ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਪਾਰਟੀ ਨੇ ਆਪਣੀਆਂ ਸਿਆਸੀ ਸਰਗਰਮੀਆਂ ਤੇਜ਼ ਕਰਦਿਆਂ ਅੱਜ ਹੁਸ਼ਿਆਰਪੁਰ ਵਿਖੇ ਵਿਸ਼ਾਲ ਰੈਲੀ ਕੀਤੀ। ਇਸ ਮੌਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਸਰਦਾਰ ਪ੍ਰਗਟ ਸਿੰਘ ਸਮੇਤ ਪਾਰਟੀ ਦੇ ਕਈ ਸੀਨੀਅਰ ਆਗੂਆਂ ਨੇ ਸ਼ਮੂਲੀਅਤ ਕੀਤੀ। ਰੈਲੀ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਸਿੰਘ ਨੇ ਕਿਹਾ ਕਿ ਪੰਜਾਬ ਦੇ ਲੋਕ ਮੌਜੂਦਾ ਭਗਵੰਤ ਮਾਨ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹਨ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੂੰ ਸੱਤਾ ਵਿੱਚ ਲਿਆਉਣ ਲਈ ਉਤਸ਼ਾਹਿਤ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਨ 'ਤੇ ਕਾਨੂੰਨ ਦਾ ਰਾਜ ਸਥਾਪਤ ਕਰਨਾ ਅਤੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨਾ ਪਹਿਲੀ ਤਰਜੀਹ ਹੋਵੇਗੀ। ਉਨ੍ਹਾਂ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਨੇ ਲੋਕਤੰਤਰੀ ਪ੍ਰਣਾਲੀ ਨੂੰ ਨਜ਼ਰਅੰਦਾਜ਼ ਕੀਤਾ ਹੋਇਆ ਹੈ ਅਤੇ ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਲਗਾਤਾਰ ਵਿਗੜ ਰਹੀ ਹੈ। ਮਾਈਨਿੰਗ ਦੇ ਮਾਮਲੇ 'ਤੇ ਉਨ੍ਹਾਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਰਿਕਾਰਡ ਤਲਬ ਕੀਤਾ ਜਾਣਾ ਇਸ ਖੇਤਰ ਵਿੱਚ ਹੋਈਆਂ ਕਥਿਤ ਬੇਨਿਯਮੀਆਂ ਬਾਰੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ 'ਤੇ ਦੋਸ਼ ਲਾਇਆ ਕਿ ਉਹ ਸੂਬੇ ਦੇ ਹਿੱਤਾਂ ਦੀ ਬਜਾਏ ਦਿੱਲੀ ਦੇ



ਆਗੂਆਂ ਦੇ ਪ੍ਰਭਾਵ ਹੇਠ ਕੰਮ ਕਰ ਰਹੇ ਹਨ।

ਪ੍ਰਗਟ ਸਿੰਘ ਨੇ ਪੰਜਾਬ ਦੀ ਮੌਜੂਦਾ ਸਥਿਤੀ ਦੀ ਤੁਲਨਾ ਜਰਮਨੀ ਦੇ ਹਿਟਲਰ ਦੇ ਸ਼ਾਸਨ ਨਾਲ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਉਸ ਸਮੇਂ ਲੋਕਤੰਤਰ ਨੂੰ ਕਮਜ਼ੋਰ ਕਰਕੇ ਦਮਨਕਾਰੀ ਨੀਤੀਆਂ ਅਪਣਾਈਆਂ ਗਈਆਂ ਸਨ, ਉਸੇ ਤਰ੍ਹਾਂ ਦੇ ਹਾਲਾਤ ਪੰਜਾਬ ਵਿੱਚ ਬਣਨ ਦੇ ਦੋਸ਼ ਲੱਗ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਮਜ਼ਬੂਤੀ ਨਾਲ ਸੰਘਰਸ਼ ਕਰਦੀ ਰਹੇਗੀ।

ਕਾਂਗਰਸ ਅੰਦਰ ਧੜੇਬੰਦੀ ਅਤੇ ਆਪਣੇ ਹੀ ਆਗੂਆਂ ਵੱਲੋਂ ਪਾਰਟੀ ਨੂੰ ਨੁਕਸਾਨ ਪਹੁੰਚਾਉਣ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਭਰੋਸਾ ਜਤਾਇਆ ਕਿ ਇਸ ਵਾਰ ਅਜਿਹੀ ਸਥਿਤੀ ਪੈਦਾ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਪਾਰਟੀ ਦਾ ਵਿਰੋਧ ਕਰਨ ਵਾਲਿਆਂ ਨੂੰ ਲੋਕ ਖੁਦ ਜਵਾਬ ਦੇਣਗੇ। ਉਨ੍ਹਾਂ ਅਨੁਸਾਰ ਰਾਹੁਲ ਗਾਂਧੀ ਦੀ ਇਨਸਾਫ਼ ਰੈਲੀ ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਕਾਂਗਰਸ ਇੱਕਜੁੱਟ ਹੈ।

ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਸੰਭਾਵਿਤ ਗਠਜੋੜ ਬਾਰੇ ਉਨ੍ਹਾਂ ਕਿਹਾ ਕਿ ਜੇਕਰ ਅਜਿਹਾ ਗਠਜ

ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਛੇ ਸ਼ਹੀਦ ਸਾਥੀਆਂ ਬਾਰੇ ਸਚਿੱਤਰ ਕਿਤਾਬਚਾ ਲੋਕ ਅਰਪਣ

ਸਾਂਝੀ ਖ਼ਬਰ

ਸ਼ਹੀਦ ਸਾਨੂੰ ਪੁੱਛਦੇ ਹਨ ਕਿ ਕਿਸ ਲਈ ਸਨ ਅਸਾਂ ਜਾਨਾਂ ਵਾਰੀਆਂ? ਪ੍ਰੋ. ਗੁਰਭਜਨ ਸਿੰਘ ਗਿੱਲ

ਜਸਵੀਰ ਸਿੰਘ ਮਣਕੂ
ਲੁਧਿਆਣਾਃ 16 ਨਵੰਬਰ

ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੇ ਮਹਾਨ ਅਤੇ ਸਭ ਤੋਂ ਛੋਟੀ ਉਮਰ ਦੇ ਇਨਕਲਾਬੀ ਸੂਰਮੇ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਨਾਲ ਅੱਜ ਦੇ ਦਿਨ ਹੀ ਸੈਂਟਰਲ ਜੇਲ੍ਹ ਲਾਹੌਰ ਵਿੱਚ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿੱਚ ਫਾਂਸੀ ਚੜ੍ਹੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ, ਭਾਈ ਹਰਨਾਮ ਸਿੰਘ ਸਿਆਲਕੋਟੀ, ਭਾਈ ਜਗਤ ਸਿੰਘ ਸੁਰ ਸਿੰਘ, ਪਿੰਡ ਗਿੱਲਵਾਲੀ (ਅੰਮ੍ਰਿਤਸਰ) ਵਾਸੀ ਭਾਈ ਸੁਰੈਣ ਸਿੰਘ ਵੱਡਾ, ਭਾਈ ਸੁਰੈਣ ਸਿੰਘ ਛੋਟਾ ਤੇ ਭਾਈ ਬਖਸ਼ੀਸ਼ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ ਸ਼ਰਧਾਂਜਲੀ ਸਭਾ ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਕੀਤੀ ਗਈ।

ਇਸ ਮੌਕੇ ਸੱਤ ਸ਼ਹੀਦਾਂ ਨੂੰ ਸਮਰਪਿਤ ਕਿਤਾਬਚਾ ਪ੍ਰੋ. ਗੁਰਭਜਨ ਸਿੰਘ ਗਿੱਲ, ਗੁਰਦਾਸਪੁਰ ਤੋਂ ਆਏ ਉੱਘੇ ਲੇਖਕ ਸ. ਮੱਖਣ ਸਿੰਘ ਕੋਹਾੜ, ਗੁਰਮੀਤ ਸਿੰਘ ਬਾਜਵਾ ਕਲਾਨੌਰ, ਪ੍ਰੋ. ਜੈਪਾਲ ਸਿੰਘ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਨਿਰਵਿਰੋਧ ਚੁਣੀ ਗਈ ਅਹੁਦੇਦਾਰ ਤੇ ਪੰਜਾਬੀ ਕਵਿੱਤਰੀ ਪ੍ਰੋ. ਸੁਰਿੰਦਰ ਜੈਪਾਲ ਵੱਲੋਂ ਲੋਕ ਅਰਪਨ ਕੀਤਾ ਗਿਆ। ਇਹ ਕਿਤਾਬਚਾ ਗੁਰੂ ਹਰਗੋਬਿੰਦ ਖ਼ਾਲਸਾ ਕਾਲਿਜ ਗੁਰੂਸਰ ਸਧਾਰ ਵਿੱਚ ਇਤਿਹਾਸ ਦੇ ਪ੍ਰੋਫੈਸਰ ਡਾ. ਬਲਜੀਤ ਸਿੰਘ ਵਿਰਕ ਨੇ ਲਿਖਿਆ ਹੈ।

ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਇੱਕ ਸਦੀ ਤੋਂ ਵੱਧ ਸਮਾਂ ਪਹਿਲਾਂ ਸਾਡੀ ਸਰਬਪੱਖੀ ਆਜ਼ਾਦੀ ਖਾਤਰ ਸ਼ਹੀਦ ਹੋਏ ਸੂਰਮੇ ਸਾਨੂੰ ਪੁੱਛਦੇ ਹਨ ਕਿ ਅਸਾਂ ਏਸ ਆਜ਼ਾਦੀ ਲਈ ਜਾਨਾਂ ਵਾਰੀਆਂ ਸਨ? ਸ਼ਾਇਦ ਨਹੀਂ। ਹਰ ਮਨੁੱਖ ਲਈ ਵਿਕਾਸ ਦੇ ਬਰਾਬਰ ਮੌਕੇ ਪੈਦਾ ਕਰਨਾ ਸਾਡਾ ਮਿਸ਼ਨ ਸੀ ਪਰ ਉਹ ਸੁਪਨੇ ਕਿੱਧਰ ਗਏ? ਵਰਤਮਾਨ ਜਵਾਨੀ ਨੂੰ ਏਧਰ ਧਿਆਨ ਦੇਣ ਦੀ ਲੋੜ ਹੈ।

ਦਾਦਾ ਜੀ ਸ. ਬਦਨ ਸਿੰਘ ਗਰੇਵਾਲ ਨੇ ਆਪ ਨੂੰ ਏਅਰੋਨਾਟੀਕਲ ਇੰਜਨੀਰਿੰਗ ਤੇ ਕੈਮਿਸਟਰੀ ਦੀ ਉਚੇਰੀ ਸਿੱਖਿਆ ਲਈ ਅਮਰੀਕਾ ਦੀ ਯੂਨੀਵਰਸਿਟੀ ਆਫ ਕੈਲੀਫੋਰਨੀਆ ਬਰਕਲੇ ਵਿਖੇ ਪੜ੍ਹਨ ਭੇਜਿਆ ਪਰ ਏਥੇ ਪੜ੍ਹਦਿਆਂ ਆਪ ਦਾ ਸਬੰਧ ਇਸ ਯੂਨੀਵਰ-ਸਿਟੀ ਦੇ ਇਨਕਲਾਬੀ ਸੋਚ ਧਾਰਨੀ ਪ੍ਰੋਫੈਸਰ ਲਾਲਾ ਹਰਦਿਆਲ ਜੀ ਨਾਲ ਹੋ ਗਿਆ ਅਤੇ ਉਨ੍ਹਾਂ ਰਾਹੀਂ ਦੇਸ਼ ਭਗਤ ਸੂਰਬੀਰਾਂ ਬਾਬਾ ਜਵਾਲਾ ਸਿੰਘ,ਬਾਬਾ ਵਸਾਖਾ ਸਿੰਘ ਤੇ ਬਾਬਾ ਸੋਹਣ ਸਿੰਘ ਭਕਨਾ ਨਾਲ ਸੰਪਰਕ ਹੋ ਗਿਆ।

ਇਹੀ ਸਾਥ ਗ਼ਦਰ ਲਹਿਰ ਦਾ ਆਧਾਰ ਬਣਿਆ। ਗ਼ਦਰ ਪਾਰਟੀ ਦੇ ਉਹ ਸਭ ਤੋਂ ਛੋਟੀ ਉਮਰ ਦੇ ਮੈਂਬਰ ਸਨ। ਪ੍ਰੋ. ਗਿੱਲ ਨੇ ਕਿਹਾ ਕਿ ਗਦਰ ਪਾਰਟੀ ਦੇ ਅਖਬਾਰ

'ਗ਼ਦਰ' ਅਖ਼ਬਾਰ ਦੀ ਛਪਾਈ, ਸੰਪਾਦਨ ਤੇ ਲਗਪਗ 70 ਮੁਲਕਾਂ ਵਿੱਚ ਅਖ਼ਬਾਰ ਭੇਜਣ ਵਿੱਚ ਵੀ ਆਪ ਨੇ ਅਹਿਮ ਭੂਮਿਕਾ ਨਿਭਾਈ। ਇਨ੍ਹਾਂ ਸਾਰੇ ਇਨਕਲਾਬੀਆਂ ਨੇ ਕਿਰਤ ਦੀ ਲੁੱਟ ਦੇ ਖਿਲਾਫ ਸੰਘਰਸ਼ ਕਰਨ ਦਾ ਫੈਸਲਾ ਕੀਤਾ। ਹਰ ਮਨੁੱਖ ਲਈ ਵਿਕਾਸ ਦੇ ਇੱਕੋ ਜਹੇ ਮੌਕੇ ਗਦਰ ਲਹਿਰ ਦਾ ਮੁੱਖ ਮਨੋਰਥ ਸੀ। ਮਨੁੱਖ ਦੀ ਸਮਾਜਿਕ, ਰਾਜਨੀਤਕ ਤੇ ਵਿਅਕਤੀਗਤ ਆਜ਼ਾਦੀ ਦਾ ਸੰਕਲਪ ਲੈ ਕੇ ਆਪ ਅੰਤਰ ਰਾਸ਼ਟਰੀ ਲਹਿਰਾਂ ਦੀ ਖੋਜ ਪੜਤਾਲ ਕਰਨ ਲੱਗ ਪਏ। ਬਦੇਸ਼ਾਂ ਵਿੱਚ ਰਹਿ ਕੇ ਦੇਸ਼ ਦੀ ਆਜ਼ਾਦੀ ਦੀ ਚਿੰਤਾ ਕਰਨ ਦੀ ਥਾਂ ਆਪ ਸਾਰਿਆਂ ਨੇ ਦੇਸ਼ ਪਰਤ ਕੇ ਸੰਘਰਸ਼ ਕਰਨ ਦਾ ਫੈਸਲਾ ਲਿਆ।

ਪ੍ਰੋ. ਜੈਪਾਲ ਸਿੰਘ ਨੇ ਕਿਹਾ ਕਿ ਮਨੁੱਖ ਦੇ ਸਰਬਪੱਖੀ ਵਿਕਾਸ ਲਈ ਬਰਾਬਰ ਮੌਕੇ ਮਿਲਦੇ ਤਾਂ ਸਮਾਜਿਕ ਅਫਰਾ ਤਫਰੀ ਵੀ ਘੱਟ ਹੋਣੀ ਸੀ। ਸਮਾਜਿਕ ਆਰਥਿਕ, ਰਾਜਨੀਤਕ ਤੇ ਵਿਅਕਤੀਗਤ ਵਿਕਾਸ ਲਈ ਗਦਰ ਪਾਰਟੀ ਦਾ ਬੁਨਿਆਦੀ ਅਹਿਦਨਾਮਾ ਅੱਜ ਵੀ ਓਨਾ ਹੀ ਸਾਰਥਕ ਹੈ।

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਹੁਦੇਦਾਰ ਤੇ ਪ੍ਰਸਿੱਧ ਕਵੀ ਮੱਖਣ ਸਿੰਘ ਕੋਹਾੜ ਨੇ ਕਿਹਾ ਕਿ ਜੰਗੇ ਆਜ਼ਾਦੀ ਦੇ ਸੂਰਮਿਆਂ ਦੀ ਤ੍ਰੈ ਲੜੀ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਤੇ ਸ਼ਹੀਦ ਊਧਮ ਸਿੰਘ ਆਪਸ ਵਿੱਚ ਜੁੜੇ ਹੋਏ ਹਨ।

ਗੁਰਮੀਤ ਸਿੰਘ ਬਾਜਵਾ ਅਤੇ ਪ੍ਰੋ. ਸੁਰਿੰਦਰ ਜੈਪਾਲ ਨੇ ਵੀ ਜੰਗੇ ਆਜ਼ਾਦੀ ਦੇ ਅੱਜ ਦੇ ਦਿਨ ਸ਼ਹੀਦ ਹੋਏ ਸੱਤ ਸੂਰਮਿਆਂ ਨੂੰ ਸ਼ਰਧਾਂਜਲੀ ਫੁੱਲ ਭੇਂਟ ਕੀਤੇ।

ਪ੍ਰਵਾਸੀ ਭਾਈਚਾਰੇ ਵੱਲੋਂ ਛੱਠ ਪੂਜਾ ਦਾ ਤਿਉਹਾਰ ਧੂਮਧਾਮ ਅਤੇ ਸ਼ਰਧਾ ਨਾਲ ਮਨਾਇਆ

ਸਾਂਝੀ ਖ਼ਬਰ

ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਮੁੱਖ ਮਹਿਮਾਨ ਵਜੋਂ ਧਾਰਮਿਕ ਸਮਾਗਮ ਵਿੱਚ ਹੋਏ ਸ਼ਾਮਲ



ਜਸਵੀਰ ਸਿੰਘ ਮਣਕੂ
ਖੰਨਾ, 15 ਨਵੰਬਰ

ਖੰਨਾ ਵਿੱਚ ਪ੍ਰਵਾਸੀ ਭਾਈਚਾਰੇ ਵੱਲੋਂ ਛੱਠ ਮਹਾਪਰਵ ਬੜੀ ਧੂਮਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸ਼ਰਧਾਲੂਆਂ ਵੱਲੋਂ ਵਿਧੀ-ਵਿਧਾਨ ਨਾਲ ਪੂਜਾ ਅਰਚਨਾ ਕੀਤੀ ਗਈ। ਛੱਠ ਪੂਜਾ ਨੂੰ ਲੈ ਕੇ ਪਿਛਲੇ ਕਈ ਦਿਨਾਂ ਤੋਂ ਖੰਨਾ ਵਿੱਚ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਸਨ। ਮਹਿਲਾਵਾਂ ਨੇ ਆਪਣੇ ਪਰਿਵਾਰਾਂ ਸਮੇਤ ਸਜ-ਧਜ ਕੇ ਵਿਧੀ-ਵਿਧਾਨ ਨਾਲ ਅਸਤਾਚਲ-ਗਾਮੀ ਸੂਰਜ ਨੂੰ ਛੱਠ ਮਹਾਪਰਵ ਦੇ ਤੀਜੇ ਦਿਨ ਦਾ ਅਰਘ ਦਿੱਤਾ।

ਭਗਵਾਨ ਭਾਸਕਰ ਅਤੇ ਛੱਠੀ ਮਈਆ ਦੀ ਆਰਾਧਨਾ ਦਾ ਇਹ ਪਵਿੱਤਰ ਤਿਉਹਾਰ ਡਾਲਾ ਛੱਠ ਚਾਰ ਦਿਨਾਂ ਤੱਕ ਮਨਾਇਆ ਜਾਂਦਾ ਹੈ। ਪਹਿਲੇ ਦੋ ਦਿਨ ਕੱਦੂ-ਭਾਤ, ਨਹਾਏ-ਖਾਏ ਅਤੇ ਖਰਨਾ ਵਰਗੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ। ਇਸ ਤੋਂ ਬਾਅਦ ਵਰਤ ਰੱਖਣ ਵਾਲੀਆਂ ਮਹਿਲਾਵਾਂ ਅਤੇ ਪੁਰਸ਼ ਦੋ ਦਿਨਾਂ ਦਾ ਔਖਾ ਵਰਤ ਰੱਖਦੇ ਹਨ। ਤੀਜੇ ਦਿਨ ਡੁੱਬਦੇ ਸੂਰਜ ਨੂੰ ਅਰਘ ਦਿੱਤਾ ਜਾਂਦਾ ਹੈ ਅਤੇ ਚੌਥੇ ਦਿਨ ਸਵੇਰੇ ਚੜ੍ਹਦੇ ਸੂਰਜ ਨੂੰ ਅਰਘ ਦੇਣ ਦੀ ਪਰੰਪਰਾ ਨਾਲ ਇਸ ਪਵਿੱਤਰ ਵਰਤ ਦੀ ਸਮਾਪਤੀ ਹੁੰਦੀ ਹੈ।

ਇਸ ਧਾਰਮਿਕ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਅਤੇ ਵਿਧਾਨ ਸਭਾ ਹਲਕਾ ਖੰਨਾ ਦੇ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਨਤਮਸਤਕ ਹੋ ਕੇ ਛੱਠ ਮਈਆ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

ਇਸ ਮੌਕੇ ਨਗਰ ਕੌਂਸਲ ਖੰਨਾ ਦੇ ਪ੍ਰਧਾਨ ਜਤਿੰਦਰ ਪਾਠਕ, ਸੀਨੀਅਰ ਮੀਤ ਪ੍ਰਧਾਨ ਹਰੀਸ਼ ਗੁਪਤਾ, ਮੀਤ ਪ੍ਰਧਾਨ ਕਰਮਜੀਤ ਸਿੰਘ, ਐਡਵੋਕੇਟ ਮਨਰੀਤ ਸਿੰਘ ਨਾਗਰਾ, ਓਐੱਸਡੀ ਕਰੁਣ ਅਰੋੜਾ, ਪੀਏ ਮਹੇਸ਼ ਕੁਮਾਰ, ਬਲਾਕ ਸੰਮਤੀ ਖੰਨਾ ਦੇ ਪ੍ਰਧਾਨ ਲਖਵੀਰ ਸਿੰਘ ਗਿੱਲ, ਚੇਅਰਮੈਨ ਵਿਕਾਸ ਭਾਟੀਆ, ਚੇਅਰਮੈਨ ਵਿਕਾਸ ਅਗਰਵਾਲ, ਕੌਂਸਲਰ ਨਿਸ਼ੂ ਕਪਿਲਾ, ਕੌਂਸਲਰ ਗੌਰਵ ਮੋਦਗਿਲ, ਕੌਂਸਲਰ ਹਰਦੀਪ ਸਿੰਘ ਦੀਪਾ, ਆਪ ਆਗੂ ਦਰਸ਼ਨ ਸਿੰਘ, ਕੌਂਸਲਰ ਮਨੂ ਮਨੋਚਾ ਸਮੇਤ ਪਾਰਟੀ ਦੇ ਹੋਰ ਪਤਵੰਤੇ ਆਗੂ ਅਤੇ ਵਰਕਰ ਹਾਜ਼ਰ ਸਨ।

ਪ੍ਰਵਾਸੀ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਮੰਤਰੀ ਸੌਂਦ ਨੇ ਕਿਹਾ ਕਿ ਛੱਠ ਲੋਕ ਆਸਥਾ ਦਾ ਮਹਾਨ ਤਿਉਹਾਰ ਹੈ, ਜਿਸ ਨਾਲ ਸਮੁੱਚਾ ਸਮਾਜ ਜੁੜਿਆ ਹੋਇਆ ਹੈ। ਇਹ ਤਿਉਹਾਰ ਸਮੂਹਿਕਤਾ ਅਤੇ ਆਪਸੀ ਸਾਂਝ ਦਾ ਪ੍ਰਤੀਕ ਹੈ। ਛੱਠ ਵਰਗੇ ਤਿਉਹਾਰ ਸਮਾਜ ਨੂੰ ਏਕਤਾ ਅਤੇ ਸਦਭਾਵਨਾ ਦਾ ਸੰਦੇਸ਼ ਦਿੰਦੇ ਹਨ। ਉਨ੍ਹਾਂ ਕਿਹਾ ਕਿ ਇਹ ਚਾਰ ਪੜਾਵਾਂ ਵਿੱਚ ਮਨਾਇਆ ਜਾਣ ਵਾਲਾ ਅਜਿਹਾ ਪਵਿੱਤਰ ਤਿਉਹਾਰ ਹੈ, ਜਿਸ ਦੌਰਾਨ ਅੰਦਰੂਨੀ ਅਤੇ ਬਾਹਰੀ ਸ਼ੁੱਧਤਾ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਸ ਪੂਜਾ ਵਿੱਚ ਜਲ ਵਿੱਚ ਖੜ੍ਹੇ ਹੋ ਕੇ ਸੂਰਜ ਦੇਵਤਾ ਨੂੰ ਅਰਘ ਦਿੱਤਾ ਜਾਂਦਾ ਹੈ। ਭੋਜਪੁਰੀ ਸਮਾਜ ਦੇ ਲੋਕ ਦੇਸ਼-ਵਿਦੇਸ਼ ਵਿੱਚ ਜਿੱਥੇ ਵੀ ਵੱਸਦੇ ਹਨ, ਉੱਥੇ ਹੀ ਪੂਰੀ ਸ਼ਰਧਾ ਨਾਲ ਛੱਠ ਮਹਾਪਰਵ ਮਨਾਉਂਦੇ ਹਨ। ਨਹਾਏ-ਖਾਏ ਤੋਂ ਸ਼ੁਰੂ ਹੋ ਕੇ ਖਰਨਾ ਅਤੇ ਡੁੱਬਦੇ ਸੂਰਜ ਦੀ ਪੂਜਾ ਤੋਂ ਬਾਅਦ ਅਗਲੇ ਦਿਨ ਚੜ੍ਹਦੇ ਸੂਰਜ ਦੀ ਉਪਾਸਨਾ ਨਾਲ ਇਹ ਤਿਉਹਾਰ ਸੰਪੰਨ ਹੁੰਦਾ ਹੈ। ਮੰਤਰੀ ਨੇ ਛੱਠ ਮਈਆ ਅੱਗੇ ਵਿਸ਼ਵ ਕਲਿਆਣ ਅਤੇ ਸਮੂਹ ਸ਼ਰਧਾਲੂਆਂ ਦੀ ਸੁੱਖ-ਸ਼ਾਂਤੀ ਤੇ ਖੁਸ਼ਹਾਲੀ ਲਈ ਅਰਦਾਸ ਕੀਤੀ।

ਇਸ ਮੌਕੇ ਨਿਸ਼ੂ ਕਪਿਲਾ, ਸੋਨੂੰ ਕੁਮਾਰ, ਹੀਰਾ ਲਾਲ, ਸੋਨੂੰ, ਅਮਰਜੀਤ, ਨਾਹਰੂ, ਰਣਜੀਤ, ਮੋਹਨੀ, ਵਿਜੇ, ਪਿੰਟੂ, ਕ੍ਰਿਸ਼ਨਾ, ਕਰਨ, ਅਰਜੁਨ, ਸੰਦੀਪ ਪਾਸਵਾਨ, ਰਾਹੁਲ, ਕਰਨ ਕੁਮਾਰ, ਦੇਵਨ, ਸ਼ੰਕਰ, ਨੁਬਰੀ, ਬੂਟਾ ਸਿੰਘ ਸਮੇਤ ਹੋਰ ਮੈਂਬਰਾਂ ਵੱਲੋਂ ਸ਼ਰਧਾਲੂਆਂ ਲਈ ਸਵੇਰੇ ਚਾਹ ਦਾ ਲੰਗਰ ਲਗਾਇਆ ਗਿਆ। ਸਮਾਗਮ ਦੇ ਅੰਤ ਵਿੱਚ ਮੰਤਰੀ ਸੌਂਦ ਸਮੇਤ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਨੂੰ ਸਨਮਾਨਿਤ ਕੀਤਾ ਗਿਆ।

ਜਰੂਰੀ ਸੂਚਨਾ

ਸਾਂਝੀ ਖ਼ਬਰ ਅਦਾਰਾ ਅਖ਼ਬਾਰ ਵਿਚ ਛਪੇ ਇਸ਼ਿਤਿਹਾਰਾਂ, ਖ਼ਬਰਾਂ, ਆਰਟੀਕਲ ਅਤੇ ਹੋਰ ਮਟੀਰੀਅਲ ਦੀ ਪੁਸ਼ਟੀ ਨਹੀਂ ਕਰਦਾ ਜਿਸ ਦੇ ਲਈ ਭੇਜਣ ਵਾਲੇ ਖੁਦ ਜ਼ਿੰਮੇਂਵਾਰ ਹੋਣਗੇ। ਰੋਜ਼ਾਨਾ ਸਾਂਝੀ ਖ਼ਬਰ ਅਖ਼ਬਾਰ ਵਿਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ ਵਿਵਾਦ ਸਬੰਧੀ ਕੇਸਾਂ ਦਾ ਨਿਪਟਾਰਾ ਸਿਰਫ ਪੰਜਾਬ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਿਚ ਹੋਵੇਗਾ। ਮਾਲਕ ਨਰਿੰਦਰ ਜੱਗਾ, ਪ੍ਰਕਾਸ਼ਕ ਪ੍ਰਿੰਟਰ ਤੇ ਮੁੱਖ ਸੰਪਾਦਕ ਪੀ ਐੱਸ ਮਿੱਠਾ ਅਤੇ ਸਹਿ ਸੰਪਾਦਕ ਸੰਦੀਪ ਸਿੰਘ ਨੇ ਰੋਜ਼ਾਨਾ ਸਾਂਝੀ ਖ਼ਬਰ ਦਾ ਇਹ ਡਿਜ਼ਿਟਲ ਐਡੀਸ਼ਨ ਪਟਿਆਲਾ ਰੋਡ ਨੇੜੇ, ਪੰਜਾਬ ਅਤੇ ਸਿੰਧ ਬੈਂਕ, ਜੀਰਕਪੁਰ ਜਿਲ੍ਹਾ ਮੋਹਾਲੀ, ਪੰਜਾਬ ਤੋਂ ਰਿਲੀਜ਼ ਕੀਤਾ ਹੈ।

ਸ਼ਿਆਮ ਬਾਬਾ ਦੇ ਜੈਕਾਰਿਆਂ ਨਾਲ ਗੂੰਜਿਆ ਖੰਨਾ, ਵਿਸ਼ਾਲ ਨਿਸ਼ਾਨ ਯਾਤਰਾ ਵਿੱਚ ਉਮੜਿਆ ਸ਼ਰਧਾ ਦਾ ਸੈਲਾਬ

ਸਾਂਝੀ ਖ਼ਬਰ

***ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਵਿਧੀ-ਵਿਧਾਨ ਨਾਲ ਪੂਜਾ-ਅਰਚਨਾ ਕਰਕੇ ਯਾਤਰਾ ਦੀ ਕਰਵਾਈ ਸ਼ੁਰੂਆਤ, ਖੁਦ ਨਿਸ਼ਾਨ ਚੁੱਕ ਕੇ ਰੇਲਵੇ ਰੋਡ ਚੌਕ ਤੱਕ ਕੀਤੀ ਪੈਦਲ ਯਾਤਰਾ**



ਜਸਵੀਰ ਸਿੰਘ ਮਣਕੂ
ਖੰਨਾ, 15 ਨਵੰਬਰ

ਖਾਟੂ ਧਾਮ ਵੈਲਫੇਅਰ ਸੋਸਾਇਟੀ ਖੰਨਾ ਵੱਲੋਂ ਸ਼ਿਆਮ ਬਾਬਾ ਦੇ ਪਾਵਨ ਜਨਮ ਉਤਸਵ ਦੇ ਸਬੰਧ ਵਿੱਚ ਅੱਜ ਸ਼ਹਿਰ ਵਿੱਚ ਵਿਸ਼ਾਲ ਨਿਸ਼ਾਨ ਯਾਤਰਾ ਦਾ ਆਯੋਜਨ ਕੀਤਾ ਗਿਆ। ਸ੍ਰੀ ਵਿਸ਼ਵਨਾਥ ਮੰਦਰ, ਨਵੀਂ ਆਬਾਦੀ ਤੋਂ ਸਵੇਰੇ 9 ਵਜੇ ਸ਼ੁਰੂ ਹੋਈ ਇਸ ਨਿਸ਼ਾਨ ਯਾਤਰਾ ਵਿੱਚ ਸ਼ਿਆਮ ਪ੍ਰੇਮੀਆਂ ਦਾ ਭਾਰੀ ਉਤਸ਼ਾਹ ਅਤੇ ਸ਼ਰਧਾ ਦੇਖਣ ਨੂੰ ਮਿਲੀ। ਪੂਰਾ ਸ਼ਹਿਰ ਸ਼ਿਆਮ ਬਾਬਾ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਕੈਬਨਿਟ ਮੰਤਰੀ ਅਤੇ ਵਿਧਾਨ ਸਭਾ ਹਲਕਾ ਖੰਨਾ ਦੇ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੇ ਸ੍ਰੀ ਵਿਸ਼ਵਨਾਥ ਮੰਦਰ ਵਿਖੇ ਪਹੁੰਚ ਕੇ ਪਵਿੱਤਰ ਨਿਸ਼ਾਨਾਂ ਦੀ ਵਿਧੀ-ਵਿਧਾਨ ਨਾਲ ਪੂਜਾ-ਅਰਚਨਾ ਕੀਤੀ ਅਤੇ ਨਿਸ਼ਾਨ ਯਾਤਰਾ ਨੂੰ ਰਵਾਨਾ ਕੀਤਾ। ਇਸ ਦੌਰਾਨ ਮੰਤਰੀ ਸੌਂਦ ਨੇ ਖੁਦ ਵੀ ਸ਼ਰਧਾ ਭਾਵਨਾ ਨਾਲ ਨਿਸ਼ਾਨ ਚੁੱਕਿਆ ਅਤੇ ਸ੍ਰੀ ਵਿਸ਼ਵਨਾਥ ਮੰਦਰ ਤੋਂ ਰੇਲਵੇ ਰੋਡ ਚੌਕ ਤੱਕ ਪੈਦਲ ਯਾਤਰਾ ਵਿੱਚ ਸ਼ਮੂਲੀਅਤ ਕਰਕੇ ਆਪਣੀ ਆਸਥਾ ਪ੍ਰਗਟਾਈ। ਨਿਸ਼ਾਨ ਯਾਤਰਾ ਨਵੀਂ ਆਬਾਦੀ ਤੋਂ ਸ਼ੁਰੂ ਹੋ ਕੇ ਰੇਲਵੇ ਰੋਡ, ਲਲਹੇੜੀ ਰੋਡ ਚੌਕ, ਸਮਰਾਲਾ ਰੋਡ ਸਥਿਤ ਖਾਟੂ ਧਾਮ ਚੌਕ ਤੋਂ ਹੁੰਦੀ ਹੋਈ ਖਾਟੂ ਧਾਮ ਵਿਖੇ ਪਹੁੰਚੀ। ਰਸਤੇ ਭਰ ਸ਼ਰਧਾਲੂਆਂ ਵੱਲੋਂ ਸ਼ਿਆਮ ਬਾਬਾ ਦੇ ਜੈਕਾਰਿਆਂ ਨਾਲ ਮਾਹੌਲ ਨੂੰ ਭਗਤੀਮਈ ਬਣਾਈ ਰੱਖਿਆ ਗਿਆ।ਇਸ ਮੌਕੇ ਸੋਸਾਇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਸਮੇਤ ਆਮ ਆਦਮੀ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਖਾਟੂ ਧਾਮ ਵੈਲਫੇਅਰ ਸੋਸਾਇਟੀ ਦੇ ਸਮੂਹ ਪਤਵੰਤੇ ਮੈਂਬਰ ਮੌਜੂਦ ਰਹੇ। ਸ਼ਿਆਮ ਬਾਬਾ ਦੇ ਇਸ ਪਾਵਨ ਜਨਮ ਉਤਸਵ ਮੌਕੇ ਵੱਡੀ ਗਿਣਤੀ ਵਿੱਚ ਸ਼ਿਆਮ ਪ੍ਰੇਮੀਆਂ ਨੇ ਆਪਣੇ ਪਰਿਵਾਰਾਂ ਸਮੇਤ ਨਿਸ਼ਾਨ ਯਾਤਰਾ ਵਿੱਚ ਸ਼ਮੂਲੀਅਤ ਕੀਤੀ ਅਤੇ ਬਾਬਾ ਦੇ ਚਰਨਾਂ ਵਿੱਚ ਸੀਸ ਨਿਵਾ ਕੇ ਸੁੱਖ-ਸਮ੍ਰਿੱਧੀ ਅਤੇ ਪਰਿਵਾਰ ਦੀ ਖੁਸ਼ਹਾਲੀ ਦੀ ਕਾਮਨਾ ਕੀਤੀ। ਸ਼ਰਧਾਲੂਆਂ ਦੀ ਭਾਰੀ ਸ਼ਮੂਲੀਅਤ ਨੇ ਇਸ ਸਮਾਗਮ ਨੂੰ ਸ਼ਾਨਦਾਰ ਅਤੇ ਯਾਦਗਾਰ ਬਣਾ ਦਿੱਤਾ। ਧਾਰਮਿਕ ਆਸਥਾ, ਭਗਤੀ ਅਤੇ ਉਤਸ਼ਾਹ ਨਾਲ ਭਰਪੂਰ ਇਸ ਨਿਸ਼ਾਨ ਯਾਤਰਾ ਨੇ ਖੰਨਾ ਸ਼ਹਿਰ ਵਿੱਚ ਸ਼ਿਆਮ ਭਗਤੀ ਦੀ ਅਨੋਖੀ ਛਟਾ ਬਿਖੇਰ ਦਿੱਤੀ।

ਮਾਸਟਰ ਕੁਲਵਿੰਦਰ ਸਿੰਘ ਜੰਡਾ ਦਾ 15ਵਾਂ ਕਾਵਿ-ਸੰਗ੍ਰਹਿ 'ਪੱਥਰ ਦੇ ਫੁੱਲ' ਲੋਕ ਅਰ

ਭਾਜਪਾ ਨੇ ਸੂਬੇ ਨੂੰ ਵਿਕਾਸ ਦੀ ਪਟੜੀ ਤੋਂ ਲਾਹਿਆ= ਦੀਪੇਂਦਰ ਹੁੱਡਾ

ਸਾਂਝੀ ਖ਼ਬਰ

ਸੰਸਦ ਮੈਂਬਰ ਦੀਪੇਂਦਰ ਹੁੱਡਾ ਪਿੰਡ ਬਰਾਨਾ ਤੇ ਅਜਾਦ ਨਗਰ ਵਿਚ ਚੌਪਾਲ ਪ੍ਰੋਗਰਾਮ ਵਿਚ ਪੁੱਜੇ, ਕਾਂਗਰਸੀ ਆਗੂਆਂ ਨੇ ਮੰਜਿਆਂ ਤੇ ਸਟੂਲਾਂ ਤੇ ਬੈਠ ਕੇ ਲੋਕਾਂ ਨਾਲ ਵਿਚਾਰ ਵਟਾਂਦਰਾ ਕੀਤਾ



ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ

16 ਨਵੰਬਰ : ਸੰਸਦ ਮੈਂਬਰ ਦੀਪੇਂਦਰ ਹੁੱਡਾ ਨੇ ਕਿਹਾ ਕਿ ਅੱਜ ਸੂਬਾ ਵਿਕਾਸ ਦੇ ਰਾਹ ਤੋਂ ਭਟਕ ਗਿਆ ਹੈ । ਹਰਿਆਣਾ ਜੋ ਕਦੇ ਵਿਕਾਸ ,ਖੁਸ਼ਹਾਲੀ ਤੇ ਭਾਈਚਾਰੇ ਲਈ ਦੇਸ਼ ਦਾ ਨੰਬਰ ਇਕ ਸੂਬਾ ਮੰਨਿਆ ਜਾਂਦਾ ਸੀ। ਹੁਣ ਬੇਰੁਜਗਾਰੀ ਨਸ਼ੇ ਤੇ ਅਪਰਾਧਾਂ ਨਾਲ ਭਰਿਆ ਹੋਇਆ ਹੈ। ਰੁਜਗਾਰ ਨਾ ਮਿਲਣ ਕਰਕੇ ਨੌਜੁਆਨ ਵਿਦੇਸ਼ਾਂ ਵਿਚ ਪਰਵਾਸ ਕਰ ਰਹੇ ਹਨ। ਹੁੱਡਾ ਪਿੰਡ ਬਾਰਨਾ ਵਿਚ ਐਸ ਸੀ ਚੌਪਾਲ ਵਿਖੇ ਆਯੋਜਿਤ ਵੋਟ ਬਚਾਓ, ਦੇਸ਼ ਬਚਾਓ ਪ੍ਰੋਗਰਾਮ ਵਿਚ ਬੋਲ ਰਹੇ ਸਨ। ਉਨਾਂ ਦੇ ਨਾਲ ਥਾਨੇਸਰ ਦੇ ਵਿਧਾਇਕ ਅਸ਼ੋਕ ਅਰੋੜਾ, ਸ਼ਾਹਬਾਦ ਦੇ ਵਿਧਾਇਕ ਰਾਮ ਕਰਣ ਕਾਲਾ, ਕਾਂਗਰਸ ਜਿਲਾ ਪ੍ਰਧਾਨ ਮੇਵਾ ਸਿੰਘ, ਸਾਬਕਾ ਸੰਸਦ ਕੈਲਾਸ਼ੋ ਸੈਣੀ ਤੇ ਸਾਬਕਾ ਵਿਧਾਇਕ ਸੁਲਤਾਨ ਸਿੰਘ ਮੌਜੂਦ ਸਨ। ਪਿੰਡ ਪੁੱਜਣ ਤੇ ਉਨਾਂ ਦਾ ਕਾਂਗਰਸੀ ਆਗੂਆਂ ਵਲੋਂ ਸੁਆਗਤ ਕੀਤਾ ਗਿਆ। ਇਸ ਦੌਰਾਨ ਪਿੰਡ ਵਾਸੀਆਂ ਨੇ ਮੰਜਿਆਂ ਤੇ ਬੈਠ ਕੇ ਦੀਪੇਂਦਰ ਹੁੱਡਾ ਨਾਲ ਗੱਲਬਾਤ ਕੀਤੀ। ਆਪਣੇ ਸੰਬੋਧਨ ਵਿਚ ਦੀਪੇਂਦਰ ਹੁੱਡਾ ਨੇ ਕਿਹਾ ਕਿ ਅੱਜ ਸੂਬੇ ਦਾ ਹਰ ਵਰਗ ਮੁਸ਼ਕਿਲਾਂ ਭਰਿਆ ਜੀਵਨ ਜੀਅ ਰਿਹਾ ਹੈ ਤੇ ਭਾਜਪਾ ਵਿਧਾਇਕ ਤੇ ਸਾਬਕਾ ਵਿਧਾਇਕ ਕਲੋਨੀਆਂ ਵਿਕਸਤ ਕਰ ਰਹੇ ਹਨ। ਮਾਈਨਿੰਗ ਸਲਿੱਪਾਂ ਜਾਰੀ ਕੀਤੀਆਂ ਜਾ ਰਹੀਆਂ ਹਨ ਤੇ ਭ੍ਰਿਸ਼ਟਾਚਾਰ ਸ਼ਿਖਰਾਂ ਤੇ ਪਹੁੰਚ ਗਿਆ ਹੈ। ਉਨਾਂ ਕਿਹਾ ਕਿ ਭਾਵੇਂ ਪੂਰੇ ਦੇਸ਼ ਵਿਚ ਵੋਟ ਚੋਰੀ ਦਾ ਬਜਾਰ ਗਰਮ ਹੈ। ਹਰ ਵਰਗ ਸਮਝ ਗਿਆ ਹੈ ਕਿ ਭਾਜਪਾ ਵੋਟਾਂ ਚੋਰੀ ਕਰਕੇ ਸਰਕਾਰ ਬਣਾਉਂਦੀ ਹੈ । ਜਦੋਂ ਕਿ ਹਰਿਆਣਾ ਵਿਚ ਪੂਰਾ ਹਰਿਆਣਾ ਕਹਿ ਰਿਹਾ ਹੈ ਸੀ ਕਿ ਸੂਬੇ ਵਿਚ ਕਾਂਗਰਸ ਦੀ ਸਰਕਾਰ ਆ ਰਹੀ ਹੈ। ਪਰ ਭਾਜਪਾ ਨੇ ਵੋਟਾਂ ਚੋਰੀ ਕਰਕੇ ਆਪਣੀ ਸਰਕਾਰ ਬਣਾਈ। ਮੁੱਖ ਮੰਤਰੀ ਦੇ ਪੰਜਾਬ ਜਾਣ ਤੇ ਉਨਾਂ ਨੇ ਚੁਟਕੀ ਲੈਂਦੇ ਹੋਏ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਪੰਜਾਬ ਜਾ ਕੇ ਵੱਡੇ ਵੱਡੇ ਵਾਅਦੇ ਕਰ ਰਹੇ ਹਨ ਤੇ ਕਹਿ ਰਹੇ ਹਨ ਕਿ ਉਹ ਪੰਜਾਬ ਵਿਚ ਨਸ਼ਾ ਬੰਦ ਕਰ ਦੇਣਗੇ, ਪਰ ਅੱਜ ਹਰਿਆਣਾ ਦੀ ਸਥਿਤੀ ਕਿਸੇ ਤੋਂ ਲੁੱਕੀ ਹੋਈ ਨਹੀਂ ਹੈ। ਥਾਨੇਸਰ ਦੇ ਵਿਧਾਇਕ ਅਸ਼ੋਕ ਅਰੋੜਾ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਵਿਕਾਸ ਰਾਹੀਂ ਲੋਕਾਂ ਨੂੰ ਖੁਸ਼ ਕਰਨ ਦੀ ਬਜਾਏ ਵੋਟ ਚੋਰੀ ਕਰਨ ਵਿਚ ਵਿਸ਼ਵਾਸ਼ ਰਖੱਦੀ ਹੈ। ਜੇ ਇਸੇ ਤਰਾਂ ਵੋਟ ਚੋਰੀ ਜਾਰੀ ਰਹੀ ਤਾਂ ਲੋਕਤੰਤਰ ਅਲੋਪ ਹੋ ਜਾਏਗਾ। ਉਨਾਂ ਕਿਹਾ ਕਿ ਭਾਜਪਾ ਨੂੰ ਲੋਕਤੰਤਰ ਵਿਚ ਭਰੋਸ਼ਾ ਨਹੀਂ ਰਿਹਾ। ਰਾਹੁਲ ਗਾਂਧੀ ਵਲੋਂ ਵਿੱਢੀ ਇਸ ਮੁਹਿੰਮ ਵਿਚ ਸਭ ਨੂੰ ਸ਼ਾਮਲ ਹੋਣਾ ਚਾਹੀਦਾ ਹੈ। ਇਸ ਮੌਕੇ ਸਾਬਕਾ ਜਿਲਾ ਪ੍ਰਧਾਨ ਰਾਜ ਕੁਮਾਰ ਪਿੰਡਾਰਸੀ, ਸੁਰਿੰਦਰ ਸੈਣੀ,ਸਰਪੰਰ ਰਣਬੀਰ ਸੂਰਾ, ਕੌਂਸਲਰ ਮਨੂੰ ਜੈਨ, ਕੁਲਦੀਪ ਢਿੱਲੋਂ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਲੋਕ ਮੌਜੂਦ ਸਨ।

ਜ਼ੋਨਲ ਅਤੇ ਇੰਟਰ-ਜ਼ੋਨਲ ਯੂਥ ਫੈਸਟੀਵਲ 'ਚ ਖਾਲਸਾ ਕਾਲਜ ਮਾਹਿਲਪੁਰ ਦੇ ਵਿਦਿਆਰਥੀਆਂ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ

ਸਾਂਝੀ ਖ਼ਬਰ

ਵਿਦਿਆਰਥੀਆਂ ਨੇ ਯੂਥ ਫੈਸਟੀਵਲ ਵਿੱਚ ਕਾਲਜ ਦਾ ਨਾਂ ਰੋਸ਼ਨ ਕੀਤਾ-ਪ੍ਰਿੰ. ਪਰਵਿੰਦਰ ਸਿੰਘ



(ਤਰਸੇਮ ਦੀਵਾਨਾ) -
ਹੁਸ਼ਿਆਰਪੁਰ, 16 ਜਨਵਰੀ

ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿਖੇ ਹੋਏ ਜ਼ੋਨਲ ਅਤੇ ਇੰਟਰ-ਜ਼ੋਨਲ ਯੂਥ ਫੈਸਟੀਵਲ ਦੇ ਸੰਗੀਤ ਵਿਭਾਗ ਦੇ ਮੁਕਾਬਲਿਆਂ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵੱਖ-ਵੱਖ ਵੰਨਗੀਆਂ ਵਿੱਚ ਮੱਲਾਂ ਮਾਰੀਆਂ ਹਨ। ਗਰੁੱਪ ਭਜਨ ਮੁਕਾਬਲੇ ਵਿੱਚ ਅਰਸ਼ਪ੍ਰੀਤ ਕੌਰ, ਮੁਸਕਾਨਦੀਪ ਕੌਰ, ਪਲਵਿੰਦਰ ਕੌਰ, ਸੋਨੀਆ ਬੰਗਾ, ਮੈਰੀ ਪ੍ਰਿਆ, ਸਤਵੀਰ ਕੌਰ ਅਤੇ ਨਵਦੀਪ ਕੌਰ ਨੇ ਜ਼ੋਨਲ ਅਤੇ ਇੰਟਰ-ਜ਼ੋਨਲ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਲੇਡੀਜ਼ ਟਰੈਡੀਸ਼ਨਲ ਸੌਂਗ ਵਿੱਚ ਇਨ੍ਹਾਂ ਸਾਰੀਆਂ ਵਿਦਿਆਰਥਣਾਂ ਨੇ ਜ਼ੋਨਲ ਵਿੱਚ ਦੂਜਾ ਅਤੇ ਇੰਟਰ-ਜ਼ੋਨਲ ਵਿੱਚ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਵਾਰ ਗਾਇਨ ਵਿੱਚ ਮੁਸਕਾਨਦੀਪ ਕੌਰ, ਪਲਵਿੰਦਰ ਕੌਰ ਅਤੇ ਸਤਵੀਰ ਕੌਰ ਨੇ ਜ਼ੋਨਲ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਇੰਟਰ-ਜ਼ੋਨਲ ਵਿੱਚ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਕਲੀ ਗਾਇਨ ਅਤੇ ਕਵੀਸ਼ਰੀ ਗਾਇਨ ਵਿੱਚ ਵੀ ਵਿਦਿਆਰਥਣਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਵਿੱਚ ਮੁਸਕਾਨਦੀਪ ਕੌਰ ਨੇ ਕਵੀਸ਼ਰੀ ਗਾਇਨ ਦੇ ਵਿਅਕਤੀਗਤ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਗਰੁੱਪ ਗਾਨ ਮੁਕਾਬਲੇ ਵਿੱਚ ਸੰਦੀਪ ਕੁਮਾਰ, ਆਕਾਸ਼ਦੀਪ, ਅਰਮਾਨ ਭੁੱਟਾ, ਜੈ ਸ਼ਰਮਾ, ਪੰਕਜ, ਸੁਖਮਨ ਸਿੰਘ ਅਤੇ ਖੁਸ਼ਬੀਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਗੀਤ/ਗ਼ਜ਼ਲ ਵਿੱਚ ਪੰਕਜ ਨੇ ਪਹਿਲਾ ਸਥਾਨ, ਇੰਡੀਅਨ ਕਲਾਸੀਕਲ ਵਿੱਚ ਇਸ਼ਮੀਤ ਸਿੰਘ ਨੇ ਤੀਜਾ ਸਥਾਨ, ਪਰਕਸ਼ਨ ਵਿੱਚ ਦਿਲਪ੍ਰੀਤ ਸਿੰਘ ਨੇ ਜ਼ੋਨਲ ਅਤੇ ਇੰਟਰ-ਜ਼ੋਨਲ ਵਿੱਚ ਦੂਜਾ ਸਥਾਨ, ਨਾਨ-ਪਰਕਸ਼ਨ ਵਿੱਚ ਜੈ ਸ਼ਰਮਾ ਨੇ ਤੀਜਾ ਸਥਾਨ, ਫੋਕ ਇੰਸਟਰੂਮੈਂਟ ਵਿੱਚ ਸੁਖਮਨ ਸਿੰਘ ਨੇ ਤੀਜਾ ਸਥਾਨ ਅਤੇ ਫੋਕ ਸੌਂਗ ਵਿੱਚ ਖੁਸ਼ਬੀਰ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਦੇ ਨਾਲ ਹੀ ਫੋਕ ਆਰਕੈਸਟਰਾ ਅਤੇ ਇੰਡੀਅਨ ਆਰਕੈਸਟਰਾ ਦੋਵਾਂ ਮੁਕਾਬਲਿਆਂ ਵਿੱਚ ਕਿਰਤ ਸਿੰਘ, ਜੈ ਸ਼ਰਮਾ, ਦਿਲਪ੍ਰੀਤ ਸਿੰਘ, ਇਸ਼ਮੀਤ ਸਿੰਘ, ਸਨਮਪ੍ਰੀਤ ਸਿੰਘ, ਅਮਨਪ੍ਰੀਤ ਸਿੰਘ, ਆਦਿਤਿਆ, ਮਨਪ੍ਰੀਤ ਸਿੰਘ, ਕਮਲਜੋਤ ਸਿੰਘ, ਮੰਦੀਪ ਸਿੰਘ, ਸੁਖਪ੍ਰੀਤ ਸਿੰਘ, ਸੁਖਮਨ ਸਿੰਘ ਅਤੇ ਆਕਾਸ਼ਦੀਪ ਸਿੰਘ ਆਦਿ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜ਼ੋਨਲ ਅਤੇ ਇੰਟਰ-ਜ਼ੋਨਲ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਵਿਦਿਆਰਥੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਕਾਲਜ ਦੇ ਪ੍ਰਿੰਸੀਪਲ ਪਰਵਿੰਦਰ ਸਿੰਘ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਜੇਤੂ ਵਿਦਿਆਰਥੀਆਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਨੇ ਯੂਥ ਫੈਸਟੀਵਲ ਵਿੱਚ ਕਾਲਜ ਦਾ ਨਾਂ ਰੋਸ਼ਨ ਕੀਤਾ ਹੈ। ਇਸ ਮੌਕੇ ਪ੍ਰਿੰਸੀਪਲ ਡਾ.ਪਰਵਿੰਦਰ ਸਿੰਘ ਨੇ ਸੰਗੀਤ ਵਿਭਾਗ ਦੇ ਮੁਖੀ ਡਾ. ਕੁਲਦੀਪ ਸਿੰਘ ਅਤੇ ਸਮੁੱਚੇ ਸਟਾਫ ਨੂੰ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਵਧੀਆ ਅਗਵਾਈ ਲਈ ਵਿਸ਼ੇਸ਼ ਤੌਰ 'ਤੇ ਸ਼ਾਬਾਸ਼ੀ ਦਿੱਤੀ ਅਤੇ ਭਵਿੱਖ ਵਿੱਚ ਵੀ ਅਜਿਹੀਆਂ ਸਫਲਤਾਵਾਂ ਜਾਰੀ ਰੱਖਣ ਲਈ ਸ਼ੁਭਕਾਮਨਾਵਾਂ ਦਿੱਤੀਆਂ।

2027 ਦੀਆਂ ਚੋਣਾਂ ਤੋਂ ਪਹਿਲਾਂ ਕਾਂਗਰਸ ਨੇ ਪੰਜਾਬ ਸਰਕਾਰ ਖ਼ਿਲਾਫ਼ ਸੰਘਰਸ਼ ਤੇਜ਼ ਕਰਨ ਦੀ ਖਿੱਚੀ ਤਿਆਰੀ : ਸੁੰਦਰ ਸ਼ਾਮ ਅਰੋੜਾ

ਸਾਂਝੀ ਖ਼ਬਰ

ਕਾਨੂੰਨ ਵਿਵਸਥਾ, ਨਸ਼ਿਆਂ, ਬੇਰੁਜ਼ਗਾਰੀ, ਕਿਸਾਨੀ, ਸਿਹਤ ਅਤੇ ਸਿੱਖਿਆ ਦੇ ਮੁੱਦਿਆਂ 'ਤੇ ਸਰਕਾਰ ਨੂੰ ਘੇਰਨ ਲਈ ਕਾਂਗਰਸੀ ਆਗੂਆਂ ਨੇ ਬਣਾਈ ਰਣਨੀਤੀ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 16 ਨਵੰਬਰ

ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋਣ ਲੱਗੀਆਂ ਹਨ। ਇਸੇ ਤਹਿਤ ਕਾਂਗਰਸ ਪਾਰਟੀ ਨੇ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਲੋਕਾਂ ਨਾਲ ਕੀਤੇ ਵਾਅਦਿਆਂ ਦੇ ਮੁੱਦੇ 'ਤੇ ਘੇਰਨ ਲਈ ਆਪਣੀਆਂ ਸਰਗਰਮੀਆਂ ਤੇਜ਼ ਕਰਨ ਦੀ ਰਣਨੀਤੀ ਉਲੀਕਣੀ ਸ਼ੁਰੂ ਕਰ ਦਿੱਤੀ ਹੈ। ਸਾਬਕਾ ਕੈਬਨਿਟ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਸੁੰਦਰ ਸ਼ਾਮ ਅਰੋੜਾ ਦੀ ਅਗਵਾਈ ਹੇਠ ਹੋਈ ਇੱਕ ਅਹਿਮ ਮੀਟਿੰਗ ਵਿੱਚ ਸੂਬੇ ਦੇ ਮੌਜੂਦਾ ਸਿਆਸੀ ਹਾਲਾਤ, ਲੋਕਾਂ ਦੀਆਂ ਮੁਸ਼ਕਲਾਂ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

ਮੀਟਿੰਗ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਬਦਲਾਅ ਦੀ ਆਸ ਨਾਲ ਆਮ ਆਦਮੀ ਪਾਰਟੀ ਨੂੰ ਸੱਤਾ ਸੌਂਪੀ ਸੀ, ਪਰ ਮੌਜੂਦਾ ਹਾਲਾਤ ਸਰਕਾਰ ਦੇ ਦਾਅਵਿਆਂ ਦੀ ਅਸਲੀਅਤ ਸਾਹਮਣੇ ਲਿਆ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ, ਨਸ਼ਿਆਂ ਦਾ ਫੈਲਾਅ, ਨੌਜਵਾਨਾਂ ਵਿੱਚ ਬੇਰੁਜ਼ਗਾਰੀ ਅਤੇ ਬੁਨਿਆਦੀ ਸਹੂਲਤਾਂ ਦੀ ਘਾਟ ਵਰਗੇ ਮੁੱਦੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਖੜ੍ਹੇ ਕਰ ਰਹੇ ਹਨ।

ਕਾਂਗਰਸੀ ਆਗੂਆਂ ਨੇ ਕਿਹਾ ਕਿ ਸੂਬੇ ਵਿੱਚ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਉਣਾ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ। ਅਪਰਾਧਿਕ ਘਟਨਾਵਾਂ ਅਤੇ ਨਸ਼ਿਆਂ ਦੀ ਸਮੱਸਿਆ ਨੂੰ ਸਿਰਫ਼ ਬਿਆਨਬਾਜ਼ੀ ਨਾਲ ਖ਼ਤਮ ਨਹੀਂ ਕੀਤਾ ਜਾ ਸਕਦਾ, ਇਸ ਲਈ ਸਰਕਾਰ ਨੂੰ ਜ਼ਮੀਨੀ ਪੱਧਰ 'ਤੇ ਠੋਸ ਕਾਰਵਾਈ ਕਰਨੀ ਚਾਹੀਦੀ ਹੈ। ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਸਰਕਾਰੀ ਪ੍ਰਬੰਧਾਂ ਦੀ ਹਾਲਤ 'ਤੇ ਵੀ ਚਿੰਤਾ ਪ੍ਰਗਟਾਈ ਗਈ। ਬੁਲਾਰਿਆਂ ਨੇ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ, ਦਵਾਈਆਂ ਅਤੇ ਆਧੁਨਿਕ ਸਾਜ਼ੋ-ਸਾਮਾਨ ਦੀ ਘਾਟ ਦਾ ਮੁੱਦਾ ਉਠਾਉਂਦਿਆਂ ਕਿਹਾ ਕਿ ਆਮ ਲੋਕਾਂ ਨੂੰ ਬਿਹਤਰ ਇਲਾਜ ਲਈ ਖੱਜਲ-ਖੁਆਰ ਨਹੀਂ ਹੋਣਾ ਚਾਹੀਦਾ। ਇਸੇ ਤਰ੍ਹਾਂ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਉਪਲਬਧਤਾ ਅਤੇ ਬੁਨਿਆਦੀ ਸਹੂਲਤਾਂ ਨੂੰ ਯਕੀਨੀ ਬਣਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਗਿਆ।

ਮੀਟਿੰਗ ਵਿੱਚ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਵੀ ਪ੍ਰਮੁੱਖਤਾ ਨਾਲ ਉਠਾਇਆ ਗਿਆ। ਆਗੂਆਂ ਨੇ ਕਿਹਾ ਕਿ ਮੰਡੀਆਂ ਵਿੱਚ ਫ਼ਸਲ ਦੀ ਖ਼ਰੀਦ, ਲਿਫ਼ਟਿੰਗ ਅਤੇ ਅਦਾਇਗੀ ਸਬੰਧੀ ਕਿਸਾਨਾਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਨਹੀਂ ਆਉਣੀ ਚਾਹੀਦੀ। ਕਿਸਾਨ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਦੀ ਫ਼ਸਲ ਦਾ ਸਮੇਂ ਸਿਰ ਉਚਿਤ ਪ੍ਰਬੰਧ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ।

ਇਸ ਤੋਂ ਇਲਾਵਾ ਸੂਬੇ ਦੀਆਂ ਟੁੱਟੀਆਂ ਸੜਕਾਂ, ਸੀਵਰੇਜ ਦੀ ਸਮੱਸਿਆ, ਪੀਣ ਵਾਲੇ ਸਾਫ਼ ਪਾਣੀ ਦੀ ਘਾਟ, ਸਟਰੀਟ ਲਾਈਟਾਂ ਅਤੇ ਸ਼ਹਿਰੀ ਤੇ ਪੇਂਡੂ ਖੇਤਰਾਂ ਵਿੱਚ ਹੋਰ ਬੁਨਿਆਦੀ ਸਹੂਲਤਾਂ ਦੀ ਮਾੜੀ ਹਾਲਤ ਬਾਰੇ ਵੀ ਵਿਚਾਰ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਵਿਕਾਸ ਦੀ ਅਸਲੀ ਤਸਵੀਰ ਇਸ਼ਤਿਹਾਰਾਂ ਵਿੱਚ ਨਹੀਂ, ਸਗੋਂ ਲੋਕਾਂ ਨੂੰ ਮਿਲ ਰਹੀਆਂ ਸਹੂਲਤਾਂ ਵਿੱਚੋਂ ਦਿਖਾਈ ਦੇਣੀ ਚਾਹੀਦੀ ਹੈ।

ਇਸ ਮੌਕੇ ਸੁੰਦਰ ਸ਼ਾਮ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਮੌਜੂਦਾ ਸਰਕਾਰ ਨੂੰ ਵੱਡੀਆਂ ਉਮੀਦਾਂ ਨਾਲ ਸੱਤਾ ਸੌਂਪੀ ਸੀ, ਪਰ ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਆਪਣੇ ਕਾਰਜਕਾਲ ਦੌਰਾਨ ਕੀਤੇ ਕੰਮਾਂ ਦਾ ਹਿਸਾਬ ਜਨਤਾ ਸਾਹਮਣੇ ਰੱਖੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਇੱਕ ਜ਼ਿੰਮੇਵਾਰ ਵਿਰੋਧੀ ਧਿਰ ਵਜੋਂ ਲੋਕਾਂ ਦੀ ਆਵਾਜ਼ ਬਣ ਕੇ ਸਰਕਾਰ ਦੀਆਂ ਨੀਤੀਆਂ ਅਤੇ ਕਾਰਗੁਜ਼ਾਰੀ 'ਤੇ ਸਵਾਲ ਉਠਾਉਂਦੀ ਰਹੇਗੀ।

ਉਨ੍ਹਾਂ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਪੰਜਾਬ ਦੇ ਭਵਿੱਖ ਲਈ ਅਹਿਮ ਹੋਣਗੀਆਂ। ਇਹ ਚੋਣਾਂ ਸਿਰਫ਼ ਸੱਤਾ ਹਾਸਲ ਕਰਨ ਦਾ ਸਿਆਸੀ ਮੁਕਾਬਲਾ ਨਹੀਂ, ਸਗੋਂ ਨੌਜਵਾਨਾਂ ਦੇ ਰੁਜ਼ਗਾਰ, ਕਿਸਾਨਾਂ ਦੇ ਸਨਮਾਨ, ਬਿਹਤਰ ਸਿਹਤ ਤੇ ਸਿੱਖਿਆ ਪ੍ਰਬੰਧ ਅਤੇ ਸੂਬੇ ਦੀ ਤਰੱਕੀ ਵਰਗੇ ਅਹਿਮ ਮੁੱਦਿਆਂ 'ਤੇ ਲੋਕਾਂ ਨੂੰ ਆਪਣਾ ਫ਼ੈਸਲਾ ਸੁਣਾਉਣ ਦਾ ਮੌਕਾ ਹੋਣਗੀਆਂ।

ਅਰੋੜਾ ਨੇ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੂੰ ਸੱਦਾ ਦਿੱਤਾ ਕਿ ਉਹ ਸਿਰਫ਼ ਪਾਰਟੀ ਪੱਧਰ ਦੀਆਂ ਮੀਟਿੰਗਾਂ ਤੱਕ ਸੀਮਤ ਨਾ ਰਹਿਣ, ਸਗੋਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਲੋਕਾਂ ਨਾਲ ਸਿੱਧਾ ਸੰਪਰਕ ਕਾਇਮ ਕਰਨ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਅਸਲ ਸਮੱਸਿਆਵਾਂ ਨੂੰ ਸਮਝ ਕੇ ਉਨ੍ਹਾਂ ਨੂੰ ਪੂਰੀ ਮਜ਼ਬੂਤੀ ਨਾਲ ਉਠਾਉਣਾ ਸਮੇਂ ਦੀ ਲੋੜ ਹੈ। ਕਾਂਗਰਸ ਪਾਰਟੀ ਪੰਜਾਬ ਦੇ ਹਿੱਤਾਂ ਅਤੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਆਪਣੀ ਆਵਾਜ਼ ਬੁਲੰਦ ਕਰਦੀ ਰਹੇਗੀ।

ਮੀਟਿੰਗ ਦੇ ਅੰਤ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ, ਲੋਕ ਸੰਪਰਕ ਮੁਹਿੰਮ ਨੂੰ ਤੇਜ਼ ਕਰਨ ਅਤੇ ਸੂਬੇ ਦੇ ਭਖਦੇ ਮੁੱਦਿਆਂ ਨੂੰ ਲੈ ਕੇ ਸਰਕਾਰ ਵਿਰੁੱਧ ਲੋਕਤੰਤਰੀ ਢੰਗ ਨਾਲ ਆਵ

ਜਿਊਲਰ ਦੀ ਦੁਕਾਨ ਚੋਂ 40 ਲੱਖ ਰੁਪਏ ਦੇ ਗਹਿਣੇ ਚੋਰੀ

ਸਾਂਝੀ ਖ਼ਬਰ

ਵੀਰਪਾਲ ਭਗਤਾ,
ਭਗਤਾ ਭਾਈਕਾ





ਬੀਤੀ ਰਾਤ ਸਥਾਨਿਕ ਭਾਈ ਬਹਿਲੋ ਰੋਡ ਉਪਰ ਸਥਿਤ ਇਕ ਜਿਊਲਰ ਦੀ ਦੁਕਾਨ ਤੋਂ 30 ਤੋਲੇ ਸੋਨਾ, 2 ਕਿਲੋ ਚਾਂਦੀ ਅਤੇ 5 ਹਜਾਰ ਰੁਪਏ ਦੀ ਨਗਦੀ ਚੋਰੀ ਹੋ ਗਈ ਹੈ, ਜਿਸ ਦੀ ਕੁਲ ਕੀਮਤ ਅੰਦਾਜ਼ਨ 40 ਲੱਖ ਰੁਪਏ ਦੱਸੀ ਜਾਂਦੀ ਹੈ। ਅੱਜ ਸਵੇਰੇ ਘਟਨਾ ਦਾ ਪਤਾ ਲੱਗਦੇ ਸੂਚਨਾ ਮਿਲਣ ਤੇ ਘਟਨਾ ਸਥਾਨ ਉਪਰ ਪਹੁੰਚ ਕੇ ਮਨੋਜ ਕੁਮਾਰ ਡੀਐਸਪੀ ਫੂਲ ਵਲੋਂ ਜਾਇਜਾ ਲਿਆ ਗਿਆ।

> ਜਾਣਕਾਰੀ ਦਿੰਦੇ ਹੋਏ ਸਥਾਨਿਕ ਪੁਲਿਸ ਸਟੇਸ਼ਨ ਦੇ ਐਸਐਚਓ ਪਰਬਤ ਸਿੰਘ ਨੇ ਦੱਸਿਆ ਕਿ ਚੋਰਾਂ ਵਲੋਂ ਸ਼ਹਿਰ ਦੇ ਭਾਈ ਬਹਿਲੋ ਰੋਡ ਉਪਰ ਸਥਿਤ ਗੁਰਮੇਲ ਜਿਊਲਰ ਨੂੰ ਨਿਸ਼ਾਨਾਂ ਬਣਾਇਆ ਗਿਆ ਹੈ। ਚੋਰ ਛੱਤ ਉਪਰ ਦੀ ਆਏ ਅਤੇ ਜਿਊਲਰ ਦੇ ਚੁਬਾਰੇ ਦਾ ਸ਼ਟਰ ਗੈਸ ਦੀ ਮਦਦ ਕੱਟ ਕੇ ਅੰਦਰ ਵੜ ਗਏ। ਇਸੇ ਉਪਰੰਤ ਹੀ ਚੋਰਾਂ ਵਲੋਂ ਗੈਸ ਦੀ ਮਦਦ ਨਾਲ ਜਿਊਲਰ ਦੀ ਸੇਫ ਨੂੰ ਪਿਛੇ ਤੋਂ ਗੈਸ ਦੀ ਮਦਦ ਨਾਲ ਕੱਟਣ ਉਪਰੰਤ ਉਸ ਵਿਚ ਪਏ ਸੋਨੇ, ਚਾਂਦੀ ਦੇ ਗਹਿਣੇ ਚੋਰੀ ਕਰ ਲਏ ਹਨ। ਜਿਊਲਰ ਦੇ ਮਾਲਿਕ ਗੁਰਮੇਲ ਸਿੰਘ ਪੁੱਤਰ ਬੰਸੀ ਸਿੰਘ ਅਨੁਸਾਰ ਉਸਦੇ 40 ਲੱਖ ਰੁਪਏ ਦੇ ਕੀਮਤ ਦੇ ਸੋਨੇ, ਚਾਂਦੀ ਦੇ ਗਹਿਣੇ ਚੋਰੀ ਹੋ ਗਏ ਹਨ। ਇਸੇ ਦੌਰਾਨ ਹੀ ਪੰਜ ਹਜਾਰ ਦੀ ਨਗਦੀ ਵੀ ਚੋਰੀ ਹੋ ਗਈ ਹੈ। ਪੁਲਿਸ ਵਲੋਂ ਘਟਨਾ ਸਬੰਧੀ ਕੋਈ ਸੁਰਾਖ ਲੱਭਣ ਲਈ ਸੀਆਈਏ -1 ਅਤੇ ਮੋਬਾਇਲ ਫੋਰੈਂਸਿਕ ਸਾਇੰਸ ਯੂਨਿਟ ਬਠਿੰਡਾ ਦੀਆਂ ਟੀਮਾਂ ਨੂੰ ਵੀ ਬੁਲਾਇਆ ਗਿਆ ਹੈ। ਪੁਲਿਸ ਦੀਆਂ ਟੀਮਾਂ ਵਲੋਂ ਸੁਰਾਖ ਲੱਭਣ ਲਈ ਯਤਨ ਕੀਤੇ ਜਾ ਰਹੇ ਹਨ। ਉਕਤ ਚੋਰੀ ਨੂੰ ਲੈ ਕੇ ਸ਼ਹਿਰ ਦੇ ਦੁਕਾਨਦਾਰਾਂ ਅੰਦਰ ਸਹਿਮ ਦਾ ਮਹੌਲ ਦੇਖਣ ਨੂੰ ਮਿਲ ਰਿਹਾ ਹੈ। ਡੀਐਸਪੀ ਫੂਲ ਮਨੋਜ ਕੁਮਾਰ ਨੇ ਕਿਹਾ ਕਿ ਘਟਨਾ ਸਬੰਧੀ ਪੁਲਿਸ ਸਖਤੀ ਨਾਲ ਕੰਮ ਕਰ ਰਹੀ ਹੈ। ਕਿਸੇ ਵੀ ਦੋਸੀ ਨੂੰ ਬਖਸ਼ਿਆ ਨਹੀ ਜਾਵੇਗਾ। ਉਨ੍ਹਾਂ ਕਿਹਾ ਕਿ ਜਲਦੀ ਹੀ ਚੋਰਾਂ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ।

ਕਾਂਗੜ 'ਚ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਹਾੜਾ ਮਨਾਇਆ

ਸਾਂਝੀ ਖ਼ਬਰ

ਵੀਰਪਾਲ ਭਗਤਾ,
ਭਗਤਾ ਭਾਈਕਾ-



ਹਰਗੋਬਿੰਦ ਪਬਲਿਕ ਸਕੂਲ ਕਾਂਗੜ ਵਿਖੇ ਗਦਰ ਲਹਿਰ ਦੇ ਮਹਾਨ ਆਗੂ ਸ਼ਹੀਦ ਕਰਤਾਰ ਸਿੰਘ ਸਰਾਭਾਜੀ ਦੀ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿੱਚ ਸਮਾਗਮ ਕਰਵਾਇਆ ਗਿਆ। ਇਸ ਸਮੇਂ ਸਕੂਲ ਦੀਆਂਵਿਦਿਆਰਥਣਾਂ ਵੱਲੋਂ ਸ਼ਹੀਦ ਸਰਾਭਾ ਦੇ ਜੀਵਨ ਸਬੰਧੀ ਕਵੀਸ਼ਰੀ ਪੇਸ਼ ਕੀਤੀ ਗਈ ਅਤੇ ਵਿਦਿਆਰਥੀਆਂਨੇ ਦੇਸ਼ ਭਗਤੀ ਦੇ ਗੀਤ ਪੇਸ਼ ਕੀਤੇ। ਪ੍ਰਿੰਸੀਪਲ ਸੋਨੂੰ ਕੁਮਾਰ ਨੇ ਸਰਾਭਾ ਦੇ ਸਮੁੱਚੇ ਜੀਵਨ ਬਾਰੇ ਚਾਨਣਾਪਾਉਂਦਿਆਂ ਕਿਹਾ ਇਸ ਮਹਾਨ ਸ਼ਹੀਦ ਨੇ 19 ਸਾਲ ਛੋਟੀ ਉਮਰੇ ਹੀ ਦੇਸ਼ ਨੂੰ ਅੰਗਰੇਜ਼ ਹਕੂਮਤ ਤੋਂ ਮੁਕਤਕਰਵਾਉਣ ਲਈ ਖੁਸ਼ੀ-ਖੁਸ਼ੀ ਫਾਂਸੀ ਦਾ ਰੱਸਾ ਚੁੰਮ ਲਿਆ ਸੀ। ਅਧਿਆਪਕਾ ਪਲਵਿੰਦਰ ਕੌਰ ਜਲਾਲ ਨੇਕਿਹਾ ਕਿ ਜਿਸ ਆਜ਼ਾਦੀ ਦਾ ਆਨੰਦ ਅਸੀਂ ਮਾਣ ਰਹੇ ਹਾਂ, ਇਹ ਇਹਨਾਂ ਸ਼ਹੀਦਾਂ ਦੀ ਬਦੌਲਤ ਹੀ ਸੀ।ਇਸ ਮੌਕੇ ਤੇ ਨੀਤੂ ਸ਼ਰਮਾ, ਬਲਵਿੰਦਰ ਕੌਰ, ਰਣਜੀਤ ਕੌਰ, ਗੁਰਪ੍ਰੀਤ ਕੌਰ, ਤਰਨਵੀਰ ਕੌਰ, ਪਵਨਪ੍ਰੀਤ ਕੌਰ, ਜਸਵੀਰ ਕੌਰ, ਸਵਰਨਜੀਤ ਕੌਰ, ਗਗਨਦੀਪ ਕੌਰ, ਸਿਮਰਜੀਤ ਕੌਰ,ਅਮਨਦੀਪ ਕੌਰ, ਜਸਪ੍ਰੀਤ ਕੌਰ, ਲਵਪ੍ਰੀਤ ਕੌਰ ਦਵਿੰਦਰ ਕੁਮਾਰ ਆਦਿ ਹਾਜ਼ਰ ਸਨ।



SINCE 1978

AMRIK DHABA

PURE VEG

BREAKFAST, LUNCH, DINNER



ORDER ONLINE ON zomato SWIGGY

FULLY AC

HEAD OFFICE : MEHNA CHOWK BATHINDA.

PHONE : 0164-5007071, 9814129629.

ਅੰਮ੍ਰਿਤ ਪਵਾਰ
62804 94562




ਕਨੇਡਾ ਟੂਰ ਛਾਏ ਸੁਰਿੰਦਰ ਬੱਬੂ _ਨਾਜ਼ਿਮ ਖਾਨ



ਭੱਟੀ ਭੜੀਵਾਲਾ ਵੱਲੋਂ "ਇਲਜ਼ਾਮ " ਟਰੈਕ ਨਾਲ ਸਟਾਰ ਬਣਾਈ ਸਿੰਗਰ ਨਾਜ਼ਿਮਾ ਖਾਨ ਨੇ ਸੰਗੀਤਕਾਰ ਤੇ ਪੇਸ਼ਕਾਰ ਸੁਰਿੰਦਰ ਬੱਬੂ ਨੂੰ ਕਾਮਯਾਬ ਕਨੇਡਾ ਟੂਰ ਲਈ ਵਧਾਈ ਦਿੱਤੀ ਹੈ।ਗੀਤਕਾਰ ਭੰਗੂ ਫਲੇੜੇ ਵਾਲਾ ਨੇ ਕਲ ਰਾਤ ਇੱਕ ਪ੍ਰੈਸ ਵਾਰਤਾ ਦੌਰਾਨ ਦੱਸਿਆ ਕਿ ਮਿਹਨਤੀ ਇਨਸਾਨ ਬੱਬੂ ਜੀ ਬੁੰਲਦੀਆਂ ਨੂੰ ਛੂਹ ਰਹੇ ਨੇ ਤੇ ਕਨੇਡਾ ਟੂਰ ਤੇ ਓਹਨਾਂ ਦੀ ਬੱਲੇ ਬੱਲੇ ਰਹੀ। ਪ੍ਰਸਿੱਧ ਸੰਗੀਤਕਾਰ ਸੁਰਿੰਦਰ ਬੱਬੂ ਛੋਟੀਆਂ ਸਟੇਜਾਂ ਤੋਂ ਸ਼ੁਰੂ ਹੋਕੇ ਵੱਡੇ ਵੱਡੇ ਗਾਇਕਾ ਨਾਲ ਕੰਮ ਕਰਨ ਦੇ ਨਾਲ ਆਪਣੀ ਕਾਬਲੀਅਤ ਦੇ ਜਰੀਏ ਅਨੇਕਾਂ ਹੀ ਗਾਇਕਾ ,ਗਾਇਕਾਵਾਂ ਦੇ ਗੀਤਾਂ ਨੂੰ ਆਪਣੇ ਸੰਗੀਤ ਵਿਚ ਰਿਕਾਰਡ ਕਰ ਚੁੱਕੇ ਹਨ। ਕਨੇਡਾ ਦੇ ਟੂਰ ਦੌਰਾਨ ਸੁਰਿੰਦਰ ਬੱਬੂ ਨੇ ਕਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਨਾਮਵਰ ਕਲਾਕਾਰਾਂ ਨਾਲ ਪ੍ਰੋਗਰਾਮ ਕੀਤੇ, ਜਿਨਾਂ ਵਿੱਚ ਜਨਾਬ ਹੰਸ ਰਾਜ ਹੰਸ ,ਕੌਰ ਬੀ,ਸੁਰਿੰਦਰ ਮਾਨ,ਕਰਮਜੀਤ ਕੰਮੋ,ਹਰਿੰਦਰ ਸੰਧੂ,ਅਮਨ ਧਾਲੀਵਾਲ, ਆਤਮਾ ਸਿੰਘ,ਪ੍ਰੀਤ ਲਾਲੀ,ਮਿਸ ਸੁਰਮਨੀ,ਕੌਰ ਮਨਦੀਪ ਸ਼ਾਮਿਲ ਹਨ। ਸੰਗੀਤਕਾਰ ਸੁਰਿੰਦਰ ਬੱਬੂ ਨੇ ਵੈਨਕੋਵਰ, ਸਰੀ ਅਤੇ ਕਲੋਵਨਾ ਵਿਚ ਸਫਲ ਸ਼ੋ ਕੀਤੇ ।ਸੈਵਨ ਸਟਾਰ, ਸੁਰਜੀਤ ਲਵਲੀ,ਬੰਟੀ ਰਿਧਮ ਤੇ ਭੰਗੂ ਫਲੇੜੇ ਵਾਲਾ ਨੇ ਕਿਹਾ ਕਿ ਸੁਰਿੰਦਰ ਬੱਬੂ ਵਧਾਈ ਕਬੂਲ ਕਰੋ ਤੇ ਵਿਦੇਸ਼ਾਂ ਵਿੱਚ ਨਾਮ ਬਣਾਓ । ਨਾਜ਼ੀਮਾ ਦੇ ਵੱਲੋਂ ਵੀ ਅਜਿਹਾ ਕਿਹਾ ਗਿਆ ।_ਅੰਮ੍ਰਿਤ ਪਵਾਰ।

ਅਸ਼ੋਕ ਮਲਹੋਤਰਾ ਕਰ ਰਹੇ ਨੇ ਸ਼ੂਟਿੰਗ ਫ਼ਿਲਮ _ਦਾ ਡਾਰਕ ਸ਼ੈਡੋ



ਤਨੂ ਕਪੂਰ ਲਿਸ਼ਕ ਕਿ ਨਿਰੀ ਅਪਸਰਾ ਲੱਗ ਰਹੀ ਸੀ ਤੇ ਹਰਜੀਤ ਵਾਲੀਆ ਆਪਣੇ ਸੰਵਾਦ ਯਾਦ ਕਰ ਰਹੇ ਸਨ ਜਦਕਿ ਰਤਨ ਔਲਖ ਪਹੁੰਚਣ ਵਾਲੇ ਸਨ।ਸਾਜਨ ਕਪੂਰ ਚਾਹ ਛਕ ਰਹੇ ਸਨ ਤੇ ਨਿਧੀ ਭਾਰਤੀ ਨੂੰ ਪਰਮਜੀਤ ਪੱਲੂ ਗਿਣਾ ਰਿਹਾ ਸੀ ਆਪਣੇ ਕੰਮ ਕਿ ਮੈਂ ਮਾੜਾ ਮੋਟਾ ਨਹੀਂ ਟੋਪ ਸਟਾਰ ਹਾਂ ਤੇ ਇਹ ਸਾਰਾ ਨਜ਼ਾਰਾ ਹਿਮਾਚਲ ਪ੍ਰਦੇਸ਼ ਵਿੱਚ ਰੁਪਿੰਦਰ ਨੀਲਮ ਚੌਹਾਨ ਦੀ ਫਿਲਮ "ਦਾ ਡਾਰਕ ਸ਼ੈਡੋ" ਦੇ ਸੈੱਟ ਦਾ ਸੀ।ਜਸਬੀਰ ਗੋਰਾ ਡੀ ਓ ਪੀ ਸਵਰਗੀ ਦਾ ਸੁਪਨਾ ਇਹ ਫਿਲਮ ਸੀ ਜਿਸ ਨੂੰ ਲਗਾਤਾਰ ਸ਼ੂਟ ਕਰ ਲੇਖਕ ਤੇ ਨਿਰਦੇਸ਼ਕ ਅਸ਼ੋਕ ਮਲਹੋਤਰਾ ਪੂਰਾ ਕਰਨ ਲਈ ਸਰਗਰਮ ਹਨ। ਫ਼ਿਲਮ ਹਿੰਦੀ ਵਿੱਚ ਆਏਗੀ ਤੇ ਇਸ ਤੋਂ ਪਹਿਲਾਂ ਬਾਲੀਵੁੱਡ ਲਈ ਵਿਗਿਆਪਨ, ਸ਼ੋਰਟ ਫ਼ਿਲਮਾਂ ਤੇ ਐਕਟਿੰਗ ਅਸ਼ੋਕ ਮਲਹੋਤਰਾ ਕਰ ਚੁੱਕੇ ਨੇ ਤੇ "ਮੇਰਾ ਸੁਪਨਾ" ਓਹਨਾਂ ਦੀ ਮੂਵੀ ਚੌਪਾਲ ਟੀਵੀ ਐਪ ਤੇ ਆ ਕਿ ਕਾਮਯਾਬ ਰਹੀ ਹੈ।_ਅੰਮ੍ਰਿਤ ਪਵਾਰ।

ਸਰਦੀ ਤੋਂ ਬਚੋ ਬੋਲੇ_ਹਰਬੀਰ ਢੀਂਡਸਾ



ਮੌਸਮ ਬਦਲ ਰਿਹਾ ਹੈ ਤੇ ਇਸ ਤੇ ਸ਼ੋਰਟ ਫ਼ਿਲਮਾਂ ਦੇ ਡਾਇਰੈਕਟਰ ਹਰਬੀਰ ਸਿੰਘ ਢੀਂਡਸਾ ਨੇ ਆਪਣੇ ਫੈਨ ਤੇ ਪੰਜਾਬੀਆਂ ਨੂੰ ਕਿਹਾ ਕਿ ਸਰਦੀ ਦਾ ਮੌਸਮ ਫਲੂ , ਜੁਕਾਮ , ਖਾਂਸੀ ਤੇ ਬੁਖਾਰ ਆਮ ਗੱਲ ਹੈ।ਇਸ ਲਈ ਸ਼ੋਕੀਨੀ ਨਾਂ ਕਰੋ ਸਵੈਟਰ , ਗਰਮ ਚਾਦਰ , ਲੋਈ ਲੈ ਕਿ ਸ਼ਾਂਮ ਸਵੇਰੇ ਚਲੋ।ਹਰਬੀਰ ਸਿੰਘ ਢੀਂਡਸਾ ਨੇ ਕਿਹਾ ਕਿ ਧੁੰਦ ਮੌਸਮ ਚ ਗੱਡੀ ਹੌਲੀ ਚਲਾਓ।ਇਸ ਵੇਲੇ ਪੇਰੀ ਫ਼ਿਲਮਜ਼ ਕਨੇਡਾ, ਮਿਊਜ਼ਿਕ ਹੱਟ ਟੀਵੀ ਲਈ ਪ੍ਰੀਤ ਗਰੇਵਾਲ, ਪਰਮਜੀਤ ਕੌਰ , ਅਮਿਤੇਜ਼ ਢੀਂਡਸਾ, ਹਰਪ੍ਰੀਤ ਕੌਰ ਦੇ ਸਹਿਯੋਗ ਨਾਲ ਸ਼ੋਰਟ ਫ਼ਿਲਮਾਂ ਚ ਸਰਗਰਮ ਹਨ।_ਅੰਮ੍ਰਿਤ ਪਵਾਰ।

ਅਮਰਜੀਤ ਕੌਰ ਢਿੱਲੋਂ ਨਾਲ ਬਹੁਤ ਸਟੇਜ ਸ਼ੋ ਕੀਤੇ ਰਮੇਸ਼ ਲੁਧਿਆਣਵੀ




ਪੰਜਾਬ ਦਾ ਕਿਸੇ ਵੇਲੇ ਓਹ ਇੱਕਲਾ ਗਾਇਕ ਸੀ ਜਿਸ ਜਵਾਨੀ ਵੇਲੇ ਫਿਲਮ ਗਾਇਕ ਬਣਨ ਦਾ ਮਾਣ ਹਾਸਿਲ ਕੀਤਾ ਸੀ ਤੇ ਮੋਹੰਮਦ ਰਫ਼ੀ ਸਾਬ ਨਾਲ ਗੀਤ "ਸੋਹਣੀ ਮਹੀਵਾਲ " ਫਿਲਮ ਲਈ ਗਾਇਆ ਸੀ।ਬਾਅਦ ਵਿੱਚ ਰਮੇਸ਼ ਲੁਧਿਆਣਵੀ ਨੇ ਅਖਾੜਿਆਂ ਦੇ ਦੌਰ ਚ ਦੋਗਾਣੇ ਵੀ ਗਾਏ ਤੇ ਅਮਰਜੀਤ ਕੌਰ ਢਿੱਲੋਂ ਨਾਲ ਸਟੇਜਾਂ ਕੀਤੀਆਂ।ਅਮਰਜੀਤ ਕੌਰ ਦੀ ਆਵਾਜ਼ ਅਮਰਵੇਲ ਵਾਂਗ ਉੱਚੀ ਹੇਕ ਵਾਲੀ ਤੇ ਰਮੇਸ਼ ਲੁਧਿਆਣਵੀ ਫ਼ਿਲਮੀ ਗਾਇਕੀ ਦਾ ਆਲਮ ਸਟੇਜਾਂ ਹਿੱਟ।ਅਮਰਜੀਤ ਕੌਰ ਢਿੱਲੋਂ ਤੇ ਰੂਪ ਵੀ ਲੋਹੜੇ ਦਾ ਸੀ ਗੋਲ ਮਟੋਲ ਮੁਖੜੇ ਨਾਲ ਇਹ ਅਮਰ ਆਵਾਜ਼ ਲੋਕ ਦਿਲ ਜਿੱਤ ਲੈਂਦੀ ਸੀ।ਅਮਰਜੀਤ ਕੌਰ ਢਿੱਲੋਂ ਨੇ ਕਿਹਾ ਕਿ ਓਸ ਨੂੰ ਫ਼ਖਰ ਸੀ ਕਿ ਓਹ ਫਿਲਮ ਗਾਇਕ ਰਮੇਸ਼ ਲੁਧਿਆਣਵੀ ਨਾਲ ਗਾ ਰਹੀ ਹੈ।ਰਮੇਸ਼ ਲੁਧਿਆਣਵੀ ਦੀ ਆਵਾਜ਼ ਤੇ ਸੋਹਣਾ ਵਿਅਕਤੀ ਤਵ ਤੇ ਨਾਲ ਚੰਨ ਦਾ ਟੁੱਕੜਾ ਮਿੱਠੀ ਆਵਾਜ਼ ਅਮਰਜੀਤ ਕੌਰ ਢਿੱਲੋਂ ਦੋਵਾਂ ਦੇ ਪ੍ਰੋਗਰਾਮ ਦੇਖ ਕੰਵਲ ਬਿਆਲਾ ਜਿਹੇ ਫਿਲਮ ਡਾਇਰੈਕਟਰ ਆਖਦੇ ਸਨ ਕਿ ਰਮੇਸ਼ ਤੇ ਅਮਰਜੀਤ ਢਿੱਲੋਂ ਤੇ ਅਖਾੜਾ ਕਿਸੇ ਫਿਲਮ ਚ ਪਾਉਣਾ ਹੈ।_ਅੰਮ੍ਰਿਤ ਪਵਾਰ।

ਰਾਜਨੀਤੀ ਆਪਣੀ ਥਾਂ ਫ਼ਿਲਮਾਂ ਆਪਣੀ ਥਾਂ_ਬਲਜੀਤ ਕੌਰ ਵਿਰਕ



ਸਬ ਟੀਵੀ ਨੇ ਰਾਤੋ ਰਾਤ ਬਲਜੀਤ ਕੌਰ ਵਿਰਕ ਸਟਾਰ ਬਣਾ ਦਿੱਤਾ ਸੀ ਤੇ ਇੰਡੀਆ ਭਰ "ਚਿੜੀਆ ਘਰ ' ਵਾਲੀ ਬਲਜੀਤ ਕੌਰ ਵਿਰਕ ਲੋਕ ਪ੍ਰਿਯ ਹੋ ਗਈ ਸੀ।ਅੱਜ ਮੁੰਬਈ ਓਸ ਦਾ ਪੂਰਾ ਨਾਮ ਹੈ ਤੇ ਰਾਜਨੀਤਿਕ ਲੋਕ ਵੀ ਬਲਜੀਤ ਕੌਰ ਵਿਰਕ ਦੀ ਲੋਕਪ੍ਰਿਯਤਾ ਦੇਖ ਓਸ ਨੂੰ ਆਪਣੇ ਸਮਾਗਮ ਚ ਸੱਦਾ ਪੱਤਰ ਦਿੰਦੇ ਹਨ। ਕੀ ਬਲਜੀਤ ਕੌਰ ਵਿਰਕ ਸਥਾਨਕ ਚੋਣਾਂ ਚ ਭਾਗ ਲੈਣ ਬਾਅਦ ਕਲ ਨੂੰ ਐਮ ਐਲ ਏ ਬਣੂੰ ਤਾਂ ਓਸ ਕਿਹਾ ਕਿ ਹਾਂ ਮੇਰੇ ਕਾਫੀ ਰਾਜਨੀਤਿਕ ਮਿੱਤਰ ਹਨ।ਬਲਜੀਤ ਕੌਰ ਵਿਰਕ ਨੇ ਕਿਹਾ ਕਿ ਜੇਕਰ ਥਲਾਪਤੀ ਰਾਜਨੀਤੀ ਵਿੱਚ ਆ ਮੁੱਖ ਮੰਤਰੀ ਬਣ ਸਕਦੇ ਨੇ ਤਾਂ ਓਹ ਵੀ ਰਾਜਨੀਤੀ ਵਿੱਚ ਆ ਸਕਦੀ ਹੈ ਪਰ ਓਹ ਫਿਲਮ ਖੇਤਰ ਨਹੀਂ ਛੱਡੇਗੀ।ਬਲਜੀਤ ਕੌਰ ਵਿਰਕ ਅੱਜ ਕਲ ਨਵੇਂ ਫੋਟੋ ਸੈਸ਼ਨ ਕਰਵਾ ਰਹੀ ਹੈ ਤੇ ਲੱਗਦਾ ਕਿਸੇ ਵੱਡੀ ਫਿਲਮ ਚ ਓਸ ਦਾ ਖਾਸ ਕਿਰਦਾਰ ਹੈ।_ਅੰਮ੍ਰਿਤ ਪਵਾਰ।

ਦੇਵ ਖਰੌੜ ਤੋਂ ਸਲਮਾਨ ਖਾਨ ਤੱਕ ਨਾਲ ਫ਼ਿਲਮਾਂ ਪਾਲੀ ਮਾਂਗਟ



ਪੰਝੀ ਸਾਲ ਤੋਂ ਫਿਲਮ ਸੰਸਾਰ ਦੇ ਵਾਸੀ ਨੇ ਐਕਟਰ ਪਾਲੀ ਮਾਂਗਟ ਤੇ ਓਹਨਾਂ ਇਸ ਪੰਝੀ ਸਾਲ ਦੇ ਸਫ਼ਰ ਵਿੱਚ ਚਾਲੀ ਤੋਂ ਵੱਧ ਪੰਜਾਬੀ ਫ਼ਿਲਮਾਂ ਕੀਤੀਆਂ ਨੇ ਤੇ ਪੰਜਾਬੀ ਦੇ ਨਾਲ ਹਿੰਦੀ ਫਿਲਮਾਂ ਵੀ ਕੀਤੀਆਂ ਹਨ।ਸਲਮਾਨ ਖਾਨ ਤੋਂ ਲੈ ਕੇ ਗੁੱਗੂ ਗਿੱਲ ਨਾਲ ਕੰਮ ਕਰਨ ਵਾਲੇ ਪਾਲੀ ਮਾਂਗਟ ਨੂੰ ਪੰਜਾਬ ਦੇ ਨਿਰਮਾਤਾ ਆਪਣੀਆਂ ਫ਼ਿਲਮਜ਼ ਚ ਕੰਮ ਦੇਣ ਗਰੰਟੀ ਓਹ ਨਖਰਾ ਕਰੇ ਜਾਂ ਸੈਟ ਤੇ ਸਤਾਏ ਓਹ ਤੇ ਅੱਛੇ ਕਿਰਦਾਰਾਂ ਦਾ ਚਹੇਤਾ ਹੈ।ਫਿਲਮਾਂ" ਸਿੰਘ ਇਸ, ਕਿੰਗ" , "ਲੰਦਨ ਡ੍ਰੀਮ" ਰੁਪਿੰਦਰ ਗਾਂਧੀ, ਨਿਡਰ, ਸਿਆਸਤ, ਚੰਨੋਂ, ਦੰਗਲ, ਨਮਸਤੇ ਇੰਗਲੈਂਡ, ਮੇਰਾ ਪਿੰਡ, ਮੁੰਡੇ ਯੂ ਕੇ ਦੇ ਪਾਲੀ ਛਾਏ ਰਹੇ ਨੇ ਤੇ ਜਲਦੀ ਹੀ ਓਹ ਗੁੱਗੂ ਗਿੱਲ ਨਾਲ ਵੈੱਬ ਸੀਰੀਜ਼ "ਸ਼ਿਕਾਰੀ " ਚ ਨਜ਼ਰ ਆਉਣਗੇ।_ਅੰਮ੍ਰਿਤ ਪਵਾਰ।

ਪੰਜਾਬ ਦੀ ਸਭ ਤੋਂ ਸੋਹਣੀ ਅੱਲ੍ਹੜ ਗਾਇਕਾ_ਗੁਰਨੂਰ ਮਾਨ

ਇੱਕ ਸਰਵੇ ਸੰਗੀਤ ਡੋਟ ਕਾਮ ਵੱਲੋਂ ਹੋਇਆ ਹੈ ਤੇ ਓਸ ਅਨੁਸਾਰ ਇਸ ਵੇਲੇ ਸਭ ਤੋਂ ਘੱਟ ਉਮਰ ਦੀ ਸੁਰੀਲੀ ਤੇ ਫੁਰਤੀਲੀ ਗਾਇਕਾ ਗੁਰਨੂਰ ਮਾਨ ਰੰਗ ਰੂਪ ਚ ਸਭ ਤੋਂ ਸੋਹਣੀ ਹੈ।ਟੀਨ ਏਜ ਗੁਰਨੂਰ ਮਾਨ ਦਾ ਸੁਹੱਪਣ ਦੇਖ ਸੁਣਿਆ ਹੈ ਕਿਹਾ ਜਾ ਰਿਹਾ ਹੈ ਕਿ ਸੁਨੰਦਾ ਸ਼ਰਮਾ ਤੇ ਨਿਮਰਤ ਖੈਹਰਾ ਵਾਲੀ ਸ਼ ਨੂੰ ਦੀ ਮਲਿਕਾ ਜੇਕਰ ਕੋਈ ਬਣੇਗੀ ਜਾਂ ਬਣ ਸਕਦੀ ਹੈ ਤਾਂ ਓਹ ਹੈ ਗੁਰਨੂਰ ਮਾਨ।ਮਿਸ ਮਾਨ ਇਸ ਵੇਲੇ ਪੜ੍ਹ ਰਹੀ ਹੈ ਤੇ ਕਾਲਜ ਦੀ ਸ਼ਾਨ ਓਹ ਯੂਥ ਮੁਕਾਬਲਿਆਂ ਚ ਬਣਦੀ ਹੈ।ਗੁਰਨੂਰ ਮਾਨ ਸੋਸ਼ਲ ਮੀਡੀਆ ਤੇ ਵੀ ਕਾਫੀ ਸਰਗਰਮ ਰਹਿੰਦੀ ਹੈ।ਗੁਰਨੂਰ ਮਾਨ ਆ ਰਹੇ ਟਾਈਮ ਦੀ ਰਾਣੀ ਹੈ, ਅਪਸਰਾ ਹੈ , ਸੁਰ ਸ਼ਹਿਜ਼ਾਦੀ ਹੈ।_ਅੰਮ੍ਰਿਤ ਪਵਾਰ।

ਜਸਮੀਨ ਅਖ਼ਤਰ ਨਾਲ ਦੋਗਾਣਾ ਖਾਹਿਸ਼ ਸੀ _ਗੋਗੀ ਘੁਮਾਣ



ਗੋਗੀ ਘੁਮਾਣ ਨੇ ਕੁਲਦੀਪ ਪਾਰਸ ਸਵਰਗੀ ਲੋਕ ਗਾਇਕ ਨਾਲ ਸਟੇਜਾਂ ਕਰ ਦੋਗਾਣੇ ਗਾਇਨ ਦੇ ਅੰਦਾਜ਼ ਸਿੱਖੇ ਸਨ ਤੇ ਅਮਰੀਕਾ ਜਾ ਕਿ ਵੀ ਗਾਇਕੀ ਓਸ ਦਾ ਕਿੱਤਾ ਕਹੋ ਸ਼ੌਂਕ ਆਖੀ ਜਾਓ ਰਿਹਾ ਤੇ ਓਸ ਨੇ ਦੋਗਾਣਾ ਗਾਇਕੀ ਚ ਅੱਜ ਕਲ ਆਪਣੇ ਨੂੰ ਹਿੱਟ ਕਰਨ ਦੇ ਯਤਨ ਜ਼ਾਰੀ ਰੱਖੇ ਨੇ ਤੇ ਮਨਜਿੰਦਰ ਕੌਰ ਇਸ ਗੋਗੀ ਘੁਮਾਣ ਦੀ ਪੂਰੀ ਮਦਦ ਕਰਦੀ ਹੈ । ਗੋਗੀ ਨੇ ਗੁਰਲੇਜ ਅਖ਼ਤਰ, ਮਾਹੀ , ਦੀਪਕ ਢਿੱਲੋਂ ਨਾਲ ਦੋਗਾਣੇ ਗਾ ਕਿ ਹਿੱਟ ਕਰਵਾਏ ਨੇ ਤੇ ਓਸ ਕਿਹਾ ਦਿਲ ਚਾਹੁੰਦਾ ਸੀ ਜਸਮੀਨ ਅਖ਼ਤਰ ਨਾਲ ਇੱਕ ਦੋਗਾਣਾ ਆਏ ਤੇ "ਦੱਬਕਾ ਏ ਜੱਟਾ " ਆ ਕਿ ਸਫ਼ਲ ਏ ਤੇ ਰੀਝ ਵੀ ਪੂਰੀ ਹੋਈ ਹੈ। ਗੋਗੀ ਘੁਮਾਣ ਨੇ ਜਸਮੀਨ ਅਖ਼ਤਰ ਦਾ ਧੰਨਵਾਦ ਅੱਛਾ ਸਾਥ ਦੇਣ ਲਈ ਕੀਤਾ ਤੇ ਕਿਹਾ ਗੀਤਕਾਰ ਗੁਰਤੇਜ ਉੱਗੋਕੇ ਤੇ ਵੀ ਡੀ ਸਨਮ ਬਜਾਜ ਸਭ ਨੇ ਮੇਰਾ ਵੀਡੀਓ ਦੋਗਾਣਾ"ਦਬਕਾ ਏ ਜੱਟਾ" ਹਿੱਟ ਕਰਨ ਲਈ ਯੋਗਦਾਨ ਦਿੱਤਾ ਹੈ।_ਅੰਮ੍ਰਿਤ ਪਵਾਰ।

ਏਕਤਾ ਵਰਮਾ ਹੀਰੋਇਨ ਬਣੇਗੀ_ਬੌਬੀ ਬਾਜਵਾ



ਵੀਡਿਓ ਨਿਰਦੇਸ਼ਕ ਬੌਬੀ ਬਾਜਵਾ ਨੇ ਕਿਹਾ ਕਿ ਓਹਨਾਂ ਨਾਲ ਕੰਮ ਕਰਨ ਵਾਲੀਆਂ ਮਾਡਲ ਕੁੜੀਆਂ ਤਕਰੀਬਨ ਫਿਲਮ ਸੰਸਾਰ ਵਿੱਚ ਚਰਚਿਤ ਹੋਈਆਂ ਹਨ ਤੇ ਮਸੂਮ ਏਕਤਾ ਵਰਮਾ ਵੀ ਜਲਦੀ ਹੀ ਫ਼ਿਲਮ ਖੇਤਰ ਵਿੱਚ ਹੋਊ।ਓਹਨਾਂ ਕਿਹਾ ਕਿ ਪੂਰਨ ਜੋਗਰ ਦੇ ਨਵੇਂ ਵੀਡੀਓ ਗਾਣੇ ਚ ਓਹਨਾਂ ਨੇ ਏਕਤਾ ਨੂੰ ਮੁੱਖ ਮਾਡਲ ਲਿਆ ਹੈ ਤੇ ਏਕਤਾ ਨੇ ਇਸ ਚ ਰੂਹ ਨਾਲ ਮਾਡਲਿੰਗ ਤੇ ਅਭਿਨੈ ਕੀਤਾ ਹੈ।ਬੌਬੀ ਬਾਜਵਾ ਨੇ ਕਿਹਾ ਕਿ ਏਕਤਾ ਵਰਮਾ ਨੂੰ ਓਹ ਆਪਣੀ ਅਗਲੀ ਫਿਲਮ ਚ ਲੈਣਗੇ।_ਅੰਮ੍ਰਿਤ ਪਵਾਰ।